# ਅੰਮ੍ਰਿਤ ਕੀਰਤਨ

ਸਤੰਬਰ 2008



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

ੴ ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 9 ◆ ਸਾਲ ਵੀਹਵਾਂ ◆ ਸਤੰਬਰ 2008

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website: www.gurshabad.com

Computer Type Setting
sohal specials Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ

## ਇਸ ਅੰਕ ਵਿਚ

ਮਿੱਤ੍ਰ ਅਸਾਡੜੇ ਸੇਈ 4
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ 8
*ਸੰਪਾਦਕੀ*

ਭਾਈ ਸੁਰਜਨ ਸਿੰਘ ਤਬਲਾ ਵਾਦਕ 9
*ਕਰਮ ਸਿੰਘ ਰਤਨ*

ਸੰਗੀਤ ਯੋਗ 14
*ਕਰਤਾਰ ਸਿੰਘ ਨੀਲਧਾਰੀ*

MUSIC AS GURU NANAK'S MODE OF COMMUNICATIONS 17
*Dr. N. Muthu Mohan*

ਸੁਰ ਲਿਪੀ 24
*ਹਰਦੀਪ ਕੌਰ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 25

## LIST OF DONORS

| NAME OF DONORS | AMOUNT (Rs) |
|---|---|
| Com.SS Sandhu Ahmedabad | Rs 1,000/- |
| Dr BNS Walaia Chandigarh | 500/- |
| S. Lakhwinder Singh T/Saboo (Religious Teacher) | 50/- |
| Bhai Vir Singh Study circle Chandigarh | 200/- |
| Sh. J.P.Nanda Dehradun | 1,000/- |
| Sh. A.K.Kaushal Chandigarh | 100/- |
| Fortis Hospital Mohali | 8,000/- |

# ਮਿਤ੍ਰ ਅਸਾਡੜੇ ਸੇਈ

♦ ਆਪ ਵੱਲੋਂ ਛਪਦਾ 'ਅੰਮ੍ਰਿਤ ਕੀਰਤਨ' ਵਧੇਰੇ ਚੜ੍ਹਦੀ ਕਲਾ ਵੱਲ ਜਾ ਰਿਹਾ ਹੈ ਅਤੇ ਮਿਤ੍ਰ ਅਸਾਡੜੇ ਸੇਈ ਵਿਚ ਜੋ ਸਮਸਿਆਵਾਂ/ਹਲ ਆਪ ਅਤੇ ਪਾਠਕਾਂ ਵੱਲੋਂ ਸੁਝਾਏ ਜਾਂਦੇ ਹਨ "ਕਬੀਰ ਸਭ ਤੇ ਹਮ ਬੁਰੇ ਹਮ ਤਜੇ ਭਲੋ ਸਭ ਕੋਇ, ਜਿਨ ਐਸਾ ਕਰ ਬੁਝਿਆ ਮੀਤ ਹਮਾਰਾ ਸੋਇ॥ (1364) ਐਸਾ ਮੀਤੁ ਕਰਹੁ ਸਭ ਕੋਇ॥ ਜਾ ਤੇ ਬ੍ਰਿਰਥਾ ਕੋਇ ਨ ਹੋਇ॥ (195)

7/2008 ਦੇ ਅੰਮ੍ਰਿਤ ਕੀਰਤਨ ਵਿਚ ਸਤਨਾਮ ਸਿੰਘ ਜੀ ਖਾਲਸਾ ਵੱਲੋਂ ਸਮਸਿਆ ਲਿਖੀ ਗਈ ਹੈ, ਉਸ ਦੇ ਸਬੰਧ ਵਿਚ ਬੇਨਤੀ ਹੈ ਕਿ ਪ੍ਰੋਡਕਟ ਤੇ ਮਾਰਕੀਟਿੰਗ ਦੋਨਾਂ ਦਾ ਸਬੰਧ ਹੀ ਨਹੀਂ ਤਾਂ ਗੁਰਮਤਿ ਦੇ ਪ੍ਰਚਾਰ ਵਿਚ ਸਮਸਿਆਵਾਂ ਆਣਗੀਆਂ। ਜੇ ਪੁਸਤਕਾਂ-ਲੇਖ ਰਸਾਲੇ ਛਪ ਗਏ ਤੇ ਸੰਗਤਾਂ ਤੱਕ ਪੁੱਜ ਨਾ ਸਕੇ ਤਾਂ ਸਮਾਂ ਤੇ ਬਲ ਦੋਵਾਂ ਦਾ ਨੁਕਸਾਨ ਅਤੇ ਜੇ ਫੀਲਡ ਵਰਕ, ਸਮਾਂ, ਪੈਸੇ ਤੇ ਬਲ ਹੈ ਪਰ ਪਿਛੇ ਕੋਈ ਪ੍ਰੋਡਕਟ ਮਾਲ ਵੇਚਣਾ ਜਾਂ ਪ੍ਰਚਾਰ ਸਮਗਰੀ ਨਹੀਂ ਤਾਂ ਵੀ ਪੂਰਨ ਲਾਭ ਨਹੀਂ ਪ੍ਰਾਪਤ ਹੋ ਸਕਦਾ।

1 ਮਨੁੱਖ ਮਨ ਵਿਚ ਇੱਛਾਵਾਂ ਬਹੁਤ ਰੱਖਦਾ ਹੈ ਜੇ ਪੂਰੀਆਂ ਹੋਣ ਲੱਗ ਜਾਣ ਤਾਂ ਹੋਰ ਇੱਛਾਵਾਂ ਕਰਨ ਲੱਗ ਜਾਂਦਾ ਹੈ ਅਤੇ ਜੇ ਨਾ ਪੂਰੀਆਂ ਹੋਣ ਤਾਂ ਦੁਖੀ ਹੁੰਦਾ ਹੈ, ਵਧੇਰੇ ਇਛਾਵਾਂ ਨਾਲ ਵੀ ਦੁਖੀ ਸਮਸਿਆਵਾਂ ਹੀ ਸਮਸਿਆਵਾਂ।

2 ਕਈ ਵਾਰੀ ਮਨੁੱਖ ਆਪਣੀ ਮਤ ਵਰਤਣ ਲਗ ਜਾਂਦਾ ਹੈ ਮਾਣ ਵੀ ਸੁਭਾਵਿਕ ਹੈ ਤੇ ਸਫ਼ਲਤਾ ਨਹੀਂ ਮਿਲਦੀ ਫਿਰ ਵੀ ਦੁਖੀ ਤੇ ਸਮਸਿਆਵਾਂ ਆ ਚੰਬੜਦੀਆਂ ਹਨ।

3 ਮਨੁੱਖ ਮਾਨ ਸਨਮਾਨ ਦੀ ਆਸ ਵੀ ਰੱਖਦਾ ਹੈ ਅਤੇ ਮਿਤ੍ਰ ਵੀ ਜੋ ਉਸ ਦੀ ਜੀ ਹਜ਼ੂਰੀ ਕਰਨ ਐਸੇ ਹੀ ਢੂੰਢਦਾ ਹੈ।

4 ਗੁਰੂ ਲਈ ਤੇ ਗੁਰਬਾਣੀ ਲਈ ਸਮਾਂ ਘੱਟ ਕੱਢਦਾ ਹੈ, ਪ੍ਰੈਕਟੀਕਲ ਬਾਣੀ ਵਿਚ ਖੁੱਭਣ ਦਾ ਯਤਨ ਨਹੀਂ ਕਰਦਾ ਜਦੋਂ ਕਿ It is the Solution of modern problems.

5 ਜੋ ਵੀ ਉਦਮ ਮਨੁੱਖ ਨੇ ਕਰਨਾ ਹੈ ਗੁਰੂ ਦਾ ਆਸਰਾ ਲੈ ਕੇ ਗੁਰੂ ਅਗੇ ਅਰਦਾਸ ਬੇਨਤੀ ਸਮਰਪਨ ਹੋ ਕੇ ਕਰਨਾ ਹੈ ਫਿਰ ਹਲ ਆਪਣੇ ਆਪ ਮਿਲੇਗਾ।

1. ਮੇਰੀ ਖਾਲਸਾ ਜੀ ਨੂੰ ਬੇਨਤੀ ਹੈ ਕਿ ਜੋ ਕੰਮ ਇਕੱਲਿਆਂ ਨਹੀਂ ਹੁੰਦਾ, ਉਹ ਸੰਸਥਾ ਨਾਲ ਚਾਰ ਮਿੱਤਰ, ਸੁਨੇਹੀ, ਪੰਥ ਦਰਦੀਆਂ ਨਾਲ ਮਿਲ ਕੇ ਹੋ ਜਾਵੇਗਾ।

2. ਜਾਂ ਤਾਂ ਜਿਵੇਂ ਸਾਰੇ ਲੇਖਕ ਕਰਦੇ ਹਨ ਕਿ ਦੁੱਗਣਾ ਮੁੱਲ ਰੱਖ ਕੇ ਅੱਧਾ ਕਮਿਸ਼ਨ ਦੇ ਕਿਸੇ ਪ੍ਰਕਾਸ਼ਕ ਕੋਲ ਆਪਣਾ ਪ੍ਰੋਡਕਟ ਵੇਚਦੇ ਹਨ।

ਜਾਂ ਫਿਰ ਆਪਣੇ ਸਾਥੀਆਂ ਨਾਲ ਮਿਲ ਕੇ ਘਰ ਘਰ ਜਾ ਕੇ ਫੀਲਡ ਵਰਕ ਕਰਕੇ Convassing ਕਰਕੇ ਪੜ੍ਹਨ ਦੀ ਰੁਚੀ ਪੈਦਾ ਕਰਦੇ ਹਨ ਤਾਂ ਫਿਰ Response ਜ਼ਰੂਰੀ ਮਿਲਦਾ ਹੈ।

3. ਇਹ ਸੋਚ ਕੇ ਕਿ ਧਰਮ ਪ੍ਰਚਾਰ ਵਿਚ ਮੁਫ਼ਤ ਭਾਅ ਤੇ ਸਾਹਿਤ ਦੇਣਾ ਹੈ, ਵੱਖ ਵੱਖ ਇਕੱਠਾਂ 'ਤੇ ਪੁਸਤਕ ਪ੍ਰਦਰਸ਼ਨੀ ਲਗਾ ਕੇ ਪੜ੍ਹਨ ਦੀ ਰੁਚੀ ਪੈਦਾ ਕੀਤੀ ਜਾਵੇ।

4. ਪ੍ਰਚਾਰ ਦੌਰੇ 'ਤੇ ਲੈਕਚਰ/ਕਥਾ ਕਰਕੇ ਪੁਸਤਕਾਂ ਬਾਰੇ ਬਾਣੀ ਤੇ ਇਤਿਹਾਸ ਬਾਰੇ ਪ੍ਰਚਾਰ ਕਰਨਾ ਇਸ ਤਰ੍ਹਾਂ ਪਾਠਕਾਂ ਦੀ ਮੰਗ ਵਧੇਗੀ ਤੇ ਲਾਗਤ ਕੀਮਤ ਵੀ ਜ਼ਰੂਰ ਮਿਲੇਗੀ। ਗੁਰੂ ਤੇ ਭਰੋਸਾ ਰੱਖ ਸਫਲਤਾ ਵੀ ਮਿਲੇਗੀ। ***ਆਸਾ ਮਨਸਾ ਸਗਲ ਤਿਆਗੇ ਜਗ ਤੇ ਰਹੇ ਨਿਰਾਸਾ॥ ਕਾਮ ਕਰੋਧ ਜਹਿ ਪਰਸੈ ਨਾਹਿਨ ਤਹਿ ਘਟ ਬ੍ਰਹਮ ਪ੍ਰਗਾਸਾ॥***

♦ ਆਪ ਜੀ ਦੇ ਮਿਤ੍ਰ ਅਸਾਡੜੇ ਸੇਈ ਸਿਰਲੇਖ ਹੇਠ ਸੰਗਤਾਂ ਵਿਚ ਰਖੀਆਂ ਸਮਸਿਆਵਾਂ ਬਾਰੇ ਬੀਬੀ ਦੁਖਿਆਰੀ ਇਕ ਵਿਚਾਰੀ ਦੀ ਸਮਸਿਆ ਬਾਰੇ ਵੀਚਾਰ ਲਿਖ ਰਿਹਾ ਹਾਂ। ਕ੍ਰਿਪਾ ਕਰਕੇ ਉਸ ਤੱਕ ਅਤੇ ਅੰਮ੍ਰਿਤ ਕੀਰਤਨ ਵਿਚ ਛਾਪ ਕੇ ਹੋਰਨਾਂ ਦੁਖਿਆਰਨਾਂ ਦੀਆਂ ਸਮਸਿਆਵਾਂ ਹੱਲ ਕਰਨ ਵਿਚ ਸਹਾਈ ਹੋ ਸਕੇ।

ਬੀਬੀ ਨੇ ਕਈ ਗੱਲਾਂ ਡਰ ਝਿਝਕ ਕਾਰਨ ਨਹੀਂ ਲਿਖੀਆਂ ਅਤੇ ਆਪਣੀਆਂ ਆਸਾਂ other estimate ਕਾਰਨ ਡਰਦੇ ਡਰਦੇ ਲਿਖੀਆਂ ਹਨ।

ਮੇਰੀ ਬੇਨਤੀ ਹੈ ਕਿ ਜਦੋਂ ਸੰਯੋਗ ਹੋ ਜਾਵੇ ਤਾਂ mutual

understanding ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਮੇਰੀ ਬੇਨਤੀ ਹੈ ਕਿ ਸਭ ਕੁਝ ਅਕਾਲ ਪੁਰਖ ਤੇ ਛੱਡ ਉਸਦੀ ਯਾਦ ਵਿਚ ਜੀਵਨ ਬਤੀਤ ਕਰਨਾ ਗੁਰੂ ਅੱਗੇ ਅਰਦਾਸ ਕਰਨੀ 'ਜੀਅ ਕੀ ਬਿਰਥਾ ਹੋਇ ਸੋ ਗੁਰ ਪਹਿ ਅਰਦਾਸ ਕਰ" ਬਣਦੀ ਹੈ ਤੇ ਪੂਰਨ ਵਿਸ਼ਵਾਸ ਰੱਖਣਾ ਅਤੇ ਉਸ ਅੱਗੇ ਸਮਰਪਣ ਭਾਵ ਨਾਲ ਬੇਨਤੀ ਕਰਦੇ ਰਹਿਣਾ ਗੁਰਮੁਖ ਤਾਈ ਹੈ।

ਮੇਰੀ ਬੇਨਤੀ ਹੈ ਕਿ ਸਿਮਰਨ (ਵਾਹਿਗੁਰੂ) ਪਾਠ (ਨਿੱਤਨੇਮ) ਕੰਮ ਕਰਨ ਵੇਲਾ ਇਸਨਾਨ ਕਰਨ ਵੇਲੇ, ਰਸੋਈ ਵਿਚ ਅਤੇ ਬੱਸ ਵਿਚ ਬੈਠ ਕੇ ਪ੍ਰਭੂ ਨੂੰ ਯਾਦ ਕਰਕੇ ਇਕ ਮਿਕ ਹੋ ਖੁਸ਼ੀ ਖੁਸ਼ੀ ਉਸ ਦੇ ਰੰਗ ਵਿਚ ਰਹਿਣਾ ਸਿੱਖਣ ਹਰ ਗੁਰ ਸਿੱਖ ਦਾ ਫਰਜ਼ ਬਣਦਾ ਹੈ। ਇਕ ਬੇਨਤੀ ਹੋਰ ਕਿ ਸਤਿਗੁਰਾਂ ਦੀ ਕਿਰਪਾ ਜਲਦੀ ਹੋ ਜਾਵੇਗੀ, ਜਿਸ ਨਾਲ ਸਾਰੇ ਪਰਿਵਾਰ ਦਾ ਧਿਆਨ ਸਤਿਗੁਰਾਂ ਦੇ ਸ਼ੁਕਰਾਨੇ ਵਿਚ ਜੁੜ ਜਾਏਗਾ, ਉਸ ਲਈ ਤਿਆਰ ਉਡੀਕ ਕਰਨ ਦੀ ਲੋੜ ਹੈ।

ਸੋ ਆਪ ਕ੍ਰਿਪਾ ਕਰਕੇ ਬੇਨਤੀ ਮੰਨ ਲਵੋ ਤੇ ਗੁਰੂ ਦਾ ਹੁਕਮ *ਭਾਣੇ ਵਿਚਿ ਕੋ ਵਿਰਲਾ ਆਇਆ* (1063) *ਭਾਣਾ ਮੰਨੇ ਸੋ ਸੁਖ ਪਾਏ* (1063) *ਗੁਰਮੁਖ ਤੇਰਾ ਭਾਣਾ ਭਾਵੈ* (1063) *ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ।* ਸਿਰ ਮਥੇ ਤੇ ਮਨੋ। ਗੁਰਮੁਖ ਬਾਣੋ। ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਬਾਣੀ ਭਾਵੇਂ ਥੋੜੀ ਪੜ੍ਹ ਲਈ ਜਾਵੇ ਤੇ ਵਿਚਾਰ ਕਰਕੇ ਅਮਲ ਵਿਚ ਲਿਆਂਦੀ ਜਾਵੇ ਤਾਂ ਵਧ ਪ੍ਰਭੂ ਦੇ ਨੇੜੇ ਹੋ ਸਕਦੇ ਹਾਂ।

ਆਪਣੇ ਆਪਣੀ ਇੱਛਾ ਜਤਾਈ ਹੈ ਕਿ ਤੁਸੀਂ ਫਾਈਨ ਆਰਟਸ ਵਿਚ ਐਮ. ਏ. ਕੀਤੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿਥੇ ਰੱਖੇ ਬੇਕੁੰਠ ਤਿਥਾਈ ਸਤਿਗੁਰ ਜਾਣਦੇ ਹਨ।

ਸਭ ਤੋਂ ਵੱਡਾ ਕੰਮ ਤੇ ਜ਼ਰੂਰੀ ਕੰਮ ਗ੍ਰਿਹਸਤ ਵਿਚ ਰੁਚੀ, ਪ੍ਰਭੂ ਨੂੰ ਹਰ ਵੇਲੇ ਬਾਣੀ-ਮੂਲ ਮੰਤਰ, ਗੁਰ ਮੰਤਰ ਰਾਹੀਂ ਯਾਦ ਕਰਨਾ ਅਤੇ ਨਿਰ ਇੱਛਤ ਪਿਆਰ ਤੇ ਭਾਵਨਾ ਨਾਲ ਸੇਵਾ ਕਰਨੀ ਮਨ ਵਿਚ ਕੁਝ ਵੀ ਨਾ ਰੱਖਣਾ ਇਹ ਗੁਰੂ ਨੂੰ ਪ੍ਰਸੰਨ ਕਰਨ ਦੀ ਸੇਵਾ ਹੈ, ਸਤਿਗੁਰ ਅੱਗੇ ਅਰਦਾਸ ਕਰਨੀ ਕਿ 'ਤੁਧ ਨੋ ਛੋਡ ਜਾਈਐ ਪ੍ਰਭ ਕੈ ਦਰ ਅਨ ਨਾ ਬੀਆ ਤੇਰੀ ਸਮਸਰ। ਸਤਿਗੁਰ ਸਾਡੀ ਸੁਖ ਤੇ ਸਮਸਿਆ ਰਹਿਤ ਅਨੰਦ ਮਏਂ ਜੀਵਨ ਬਖਸ਼ਣ। ਗੁਰੂ ਕੋਲੋਂ ਹੌਸਲਾ ਮੰਗਣਾ ਅਤੇ ਉਸਦੇ ਹੁਕਮਾਂ ਅਨੁਸਾਰ ਜੀਵਨ ਬਤੀਤ ਕਰਦੇ ਸਭਨਾਂ ਗੱਲਾਂ ਸਮਰਥ ਸੁਆਮੀ, ਕਿਆ ਨਹੀਂ ਘਰ ਤੇਰੇ। ਬਸ ਗੁਰੂ ਹੀ ਸਾਰੀਆਂ ਸਮਸਿਆਵਾਂ ਦਾ ਹੱਲ ਕਰਨ ਵਾਲਾ ਹੈ।

ਪ੍ਰਭਦਿਆਲ ਸਿੰਘ,
7273/1, ਗਲੀ 21, ਨਿਊ ਜਨਤਾ ਨਗਰ,
ਲੁਧਿਆਣਾ 110 003

♦ I am thankful to have received such affectionate & valued based e-mail from you.Thse days I am on vacations for few months with my younger daughter at Seattle(USA).Yes I feel you need all support & assistance in your Gurmat Promotion venture.I am forwarding e-mail with attachment to some known persons in USA for neccessary support.

I am also quite touched with contents of a letter in your col. from a Gusikh lady. I think this lady is a better Gumukh than her in-laws & her husband (Manmukh).Their Nitnem is useless if their ego & greed for a son from her is not protecting the rights of their daughter-in-law.She & her parents-in-laws need couselling from some real Gursikh persons like you.Under my Vanjaras Mission programme I had written many papers & requesting our Sikh Institution to establish some counselling centres for youth careers promotion & family problems in each Gurdwara-to be handled by expert senior retd. professional.Shall talk with you after return from USA.I have many ideas to implement in cooperation with right thinking societies/individual under joint collaboration. Again wishing you good luck & support in your mission.

*Mohinder Singh*

*Trust for Welfare of Vanjaras(Camp USA)*
*brat@sify.com"*

♦ Received July issue of 'Amrit Kirtan'. This letter is to help the Lady in letter section of the magazine.

Firstly, the Lady should adopt a positive attitude towards life in general. She should consider herself that her mother-in-law is a gursikh Lady because nowadays there are many cases of dowry-deaths, bride burning, torture etc. that I feel she should thank her stars and see the Lady as a role-model. See the positive in her and ignore the negative. That is the only way she can establish a fulfilling relationship with her mother-in-law and husband. Also I would consider that in times when our sikh community men who are in vices, her husband is a gursikh, is a great thing. Such men are rarely found nowadays.

Also she should be grateful that she has a job of a teacher. It is such a noble profession. She should develop her inner talents and self grow too, and since she is qualified, she can do so. She should also conduct her job with a cheerful depositions and pass on her knowledge to the children and with her positivity, she can transmit that to the children as well.

She should learn to laugh at times and in all situations. Gurbani says, "Man should live in the present and stay stable in all conditions whether happiness, pain joy etc. and the future will automatically be bright.

She should in fact take active part in the prayer sessions of the family members too because Gurbani has tremendous power to change us, for the better, give us positive and make us happy.

She should seriously think of starting a family because a women's life is in complete without motherhood. It is a test of women's patience and it teaches her many things which can be learned only when you become one. So with positivity in her mind, spirituality in her loving people around her. She automatically will give birth to a beautiful human being full of good qualities.

Finally, we have to tell her to be:

1 Grateful for each & everything happening.

2 Each situation in life forces us to grow so if we face it positively we will never be sad.

3 Feed your mind with positive thoughts

4 Read the Sri Guru Granth Sahib with deeper interest.

Sumeet Kaur
RH # 4, Konark Puram, Kondhwa Road,
Pune 411 048

♦ ਆਪ ਜੀ ਦਾ ਮੱਧ ਪ੍ਰਦੇਸ਼ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਈ-ਮੇਲ ਤੇ ਸਵਾਗਤ ਹੈ ਜੀ ਅਤੇ ਆਪ ਜੀ ਦੇ ਧੰਨਵਾਦੀ ਹਾਂ ਕਿ ਆਪ ਜੀ ਨੇ ਆਪਣੇ 'ਅੰਮ੍ਰਿਤ ਕੀਰਤਨ' ਦੀ ਪੀ.ਡੀ.ਐਫ ਫਾਈਲ ਭੇਜੀ ਹੈ। ਆਸ ਕਰਦੇ ਹਾਂ ਕਿ ਆਪ ਜੀ ਇਸੇ ਤਰ੍ਹਾਂ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਸਮਾਂ ਦਿੰਦੇ ਰਹੋਗੇ।

*ਵਰਿੰਦਰ ਸਿੰਘ*

♦ Thank you for the July issue if Amrit Kirtan magazine. I read it. Information that was new to me. Thank you for

bringing information on a very important institution of kirtan to all of us.

*Harbans Lal, PhD., D.Litt(hons)*
*Emeritus Professor and Chair, Pharmacology & Neuroscience, U. North Texas Health Science Center*
*817-446-8757, Mob. 817-846-8630*
*6415 Amicable Drive, Arlington, 76016*
*japji08@yahoo.com*

♦ Got to know about your magazine. A great effort.

*Baldev Kandola*
*http://www.5abi.com/mchetna/sikh/gurbaniraag/*
*http://www.5abi.com/mchetna/sikh/shravan/gurshabad3.htm*

♦ Thanks for mailing me. Please send me the kirtan cd's or pdf format file to my mail I will be grateful to you.

*amrik singh <sikhi.missions@gmail.com*

♦ Dr. Harbans Lal ji has sent me on line copy of your June and July issues. I have shown these to the sangat in Gurdwaras here and every one has much appreciated the effort you are doing to promote Sikhi.

*Shamsher Singh Puri*
*puris@bellsouth.net*

♦ Thanks a lot for mailing AMRIT KIRTAN. This is yet another milestone in your continuing efforts at spreading the message of gurbani kirtan and other important themes. Best wishes and regards.

*Swarnjit and Harkishan Singh Mehta.*
*mehtas877@yahoo.com*

♦ Mai tuhada kirtan prof. kulwant singh ji , phase 3b2, di mother in law de bhog ute suneya si te bbad vich mai hi shrdhanjli diti si. Please tell me the price of this magazine. i will like to have its regular publications.

*sant parkash singh sandhu*
*1915 phase 10 mohali.*
*spssandhu311@yahoo.com*

♦ Very good Magzine.Keep it up
When you breathe
You don't see the Air.
When we send you an e-mail
You dont see us ;
But our regards for you
Are Always there !

*Satnam Singh Chahal*
*punjabnewsweekly@yahoo.com*

♦ Thanks for this enterprise, and I appreciate your sharing this with me.

*—jasbir singh*
*<jasbir@humbhi.com>*

## ਗੁਰੂ ਅਮਰਦਾਸ ਰਾਗ ਰਤਨਾਕਰ

ਗੁਰਮਤਿ ਸੰਗੀਤ ਨੂੰ ਸੁਤੰਤਰ ਸੰਗੀਤ ਪਰੰਪਰਾ ਵੱਜੋਂ ਸਥਾਪਤ ਕਰਨ ਹਿਤ ਪ੍ਰੋਫੈਸਰ ਤਾਰਾ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਉਹਨਾਂ ਨੇ ਗੁਰਮਤਿ ਸੰਗੀਤ ਸਬੰਧੀ ਗੁਰੂ ਨਾਨਕ ਦੇਵ ਰਾਗ ਰਤਨਾਵਲੀ, ਗੁਰੂ ਅੰਗਦ ਰਾਗ ਰਤਨਾਵਲੀ, ਗੁਰੂ ਅਮਰਦਾਸ ਰਾਗ ਰਤਨਾਵਲੀ, ਗੁਰੂ ਰਾਮ ਦਾਸ ਰਾਗ ਰਤਨਾਵਲੀ, ਗੁਰੂ ਅਰਜਨ ਦੇਵ ਰਾਗ ਰਤਨਾਵਲੀ, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ, ਭਗਤ ਰਾਗ ਰਤਨਾਵਲੀ, ਭਗਤ ਨਾਮਦੇਵ ਰਾਗ ਰਤਨਾਵਲੀ, ਭਗਤ ਰਵਿਦਾਸ ਰਾਗ ਰਤਨਾਵਲੀ, ਭਗਤ ਕਬੀਰ ਰਾਗ ਰਤਨਾਵਲੀ, ਪੜਤਾਲ ਗਾਇਕੀ ਪੁਸਤਕਾਂ ਲਿਖ ਕੇ ਸਿਧਾਂਤਕ ਪੱਖੋਂ ਹੀ ਯੋਗਦਾਨ ਨਹੀਂ ਪਾਇਆ ਸਗੋਂ ਡਾ. ਗੁਰਨਾਮ ਸਿੰਘ, ਡਾ. ਨਿਵੇਦਤਾ ਜਿਹੇ ਸੁਯੋਗ ਵਿਦਿਆਰਥੀਆਂ ਦੀ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਕੇ ਵਿਵਹਾਰਕ ਪੱਧਰ ਤੇ ਵੀ ਗੁਰਮਤਿ ਸੰਗੀਤ ਨੂੰ ਸਥਾਪਤ ਕਰ ਦਿੱਤਾ।

ਹਥਲੀ ਪੁਸਤਕ ਪ੍ਰੋਫੈਸਰ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਹੀ ਤਿਆਰ ਕੀਤੀ ਸੀ ਜਿਸ ਨੂੰ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਸੁਰਜੀਤ ਕੌਰ ਨੇ ਪੂਰੀ ਸ਼ਰਧਾ ਅਤੇ ਲਗਨ ਨਾਲ ਛਪਵਾਇਆ ਹੈ।

ਇਸ ਪੁਸਤਕ ਵਿਚ ਗੁਰੂ ਅਮਰਦਾਸ ਜੀ ਦੇ 90 ਸ਼ਬਦਾਂ ਨੂੰ 23 ਰਾਗਾਂ ਵਿਚ ਲਿਪੀ ਬੱਧ ਕੀਤਾ ਹੈ। ਇਹ ਪੁਸਤਕ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਅਤੇ ਕੀਰਤਨੀਆਂ ਲਈ ਬਹੁਤ ਲਾਹੇਵੰਦ ਸਾਬਤ ਹੋਵੇਗੀ।

*ਗੁਰੂ ਅਮਰਦਾਸ ਰਾਗ ਰਤਨਾਕਾਰ*
ਲੇਖਕ: ਪ੍ਰੋ: ਤਾਰਾ ਸਿੰਘ
ਪ੍ਰਕਾਸ਼ਕ : ਗੁਰਮਤਿ ਸੰਗੀਤ ਪ੍ਰਕਾਸ਼ਨ
11, ਹਰਗੋਬਿੰਦ ਨਗਰ,
ਸਰਹਿੰਦ ਰੋਡ, ਪਟਿਆਲਾ
ਕੀਮਤ: ਲਾਇਬ੍ਰੇਰੀ ਐਡੀਸ਼ਨ 150
ਸਧਾਰਨ - 120

# ਭਾਈ ਸੁਰਜਨ ਸਿੰਘ ਤਬਲਾ ਵਾਦਕ

ਕਰਮ ਸਿੰਘ ਰਤਨ

ਸਵਰਗੀ ਭਾਈ ਸੁਰਜਨ ਸਿੰਘ ਜੀ ਮਸ਼ਹੂਰ ਤਬਲਾ ਵਾਦਕ ਸਨ, ਜਿਹਨਾਂ ਦਾ ਨਾਮ ਸਿੱਖ ਰਾਗੀ ਜਗਤ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਭਾਈ ਸੁਰਜਨ ਸਿੰਘ ਜੀ ਜਿਸ ਰਾਗੀ ਨਾਲ ਵੀ ਸੰਗਤ ਕਰਨ ਬੈਠ ਜਾਂਦੇ ਸਨ ਉਸ ਰਾਗੀ ਦੀ ਗਾਇਕੀ ਨੂੰ ਚਾਰ ਚੰਨ ਲੱਗ ਜਾਂਦੇ ਸਨ। ਉਹਨਾਂ ਬਾਰੇ ਇਹ ਗੱਲ ਮਸ਼ਹੂਰ ਸੀ ਕਿ ਜਿਸ ਰਾਗੀ ਨਾਲ ਸੁਰਜਨ ਸਿੰਘ ਤਬਲੇ ਤੇ ਹੋਵੇਗਾ, ਉਹ ਰਾਗੀ ਜੱਥਾ ਜਰੂਰ ਵਧੀਆ ਹੋਵੇਗਾ। ਯਾਨੀ ਕਿ ਸੁਰਜਨ ਸਿੰਘ ਦੇ ਨਾਮ ਤੇ ਹੀ ਰਾਗੀ ਸਿੰਘਾਂ ਨੂੰ ਪ੍ਰੋਗਰਾਮ ਮਿਲ ਜਾਂਦੇ ਸਨ। ਸਰੋਤੇ ਜਿਥੇ ਰਾਗੀ ਸਿੰਘ ਦੇ ਵਾਜੇ ਤੇ ਮਾਇਆ ਧਰਦੇ ਸਨ, ਉਤੇ ਨਾਲ ਹੀ ਸੁਰਜਨ ਸਿੰਘ ਦਾ ਤਬਲਾ ਸੁਣ ਕੇ ਖੁਸ਼ ਹੋ ਕੇ ਇਨਾਮ ਵਜੋਂ ਉਸ ਨੂੰ ਵੱਖਰੀ ਮਾਇਆ ਭੇਟ ਕਰਦੇ ਸਨ। ਜਿਥੇ ਉਹਨਾਂ ਦੀ ਤਬਲੇ ਦੀ ਤਿਆਰੀ ਸੀ, ਉਥੇ ਹੋਰ ਗੁਣਾਂ ਨਾਲ ਵੀ ਭਰਭੂਰ ਸਨ। ਹਰ ਇਕ ਤਾਲ ਬਾਖੂਬੀ ਵਜਾ ਲੈਂਦੇ ਸਨ ਜਿਸ ਤਰ੍ਹਾਂ ਤੀਨ ਤਾਲ, ਛੋਟਾ ਤੀਨ ਤਾਲ, ਇਕਤਾਲਾਂ, ਚਾਰ ਤਾਲ, ਧਮਾਰ, ਆੜਾ ਚੌਤਾਲਾ ਮਤ ਤਾਲ, ਫਰੋਦਸਤ, ਝਪਤਾਲ, ਸ਼ਲਚਕ ਤਾਲ, ਬ੍ਰਹਮ ਤਾਲ, ਦੀਪ ਚੰਦੀ ਅਤੇ ਹੋਰ ਵੀ ਕਈ ਤਾਲ ਜਿਹਨਾਂ ਦੇ ਮੈਨੂੰ ਨਾਮ ਯਾਦ ਨਹੀਂ ਸਭ ਵਜਾ ਲੈਂਦੇ ਸਨ। ਹਰ ਤ੍ਰਾਲ ਵਿਚ ਪੂਰੀ-ਪੂਰੀ ਤਿਆਰੀ ਵੀ ਅਤੇ ਕੰਮ ਵੀ ਦਿਖਾਣਾ ਇਹ ਉਹਨਾਂ ਦੀ ਖੂਬੀ ਸੀ ਅਤੇ ਹੱਥ ਵਿਚ ਮਿਠਾਸ ਇਤਨੀ ਸੀ ਕਿ ਸਰੋਤਿਆਂ ਦਾ ਮਨ ਕਰਦਾ ਸੀ ਕਿ ਇਹ ਤਬਲਾ ਵਜਾਉਂਦੇ ਰਹਿਣ ਅਤੇ ਅਸੀਂ ਸੁਣਦੇ ਰਹੀਏ। ਉਹਨਾਂ ਦੇ ਹੱਥ ਦੀ ਮਿਠਾਸ ਦੀ ਇਕ ਮਿਸਾਲ ਇਹ ਵੀ ਹੈ ਕਿ ਵੱਡੇ-ਵੱਡੇ ਪ੍ਰੋਗਰਾਮਾਂ ਵਿਚੋਂ ਜਦੋਂ ਪ੍ਰੋਗਰਾਮ ਖਤਮ ਕਰਕੇ ਭਾਈ ਸੁਰਜਨ ਸਿੰਘ ਜੀ ਬਾਹਰ ਆਉਂਦੇ ਸਨ ਤਾਂ ਨੌਜਵਾਨ ਮੁੰਡੇ ਤੇ ਕੁੜੀਆਂ ਉਹਨਾਂ ਦੇ ਹੱਥ ਫੜ ਕੇ ਚੁੰਮ ਲੈਂਦੇ ਸਨ।

ਦਾਸ ਨੇ ਆਮ ਤੌਰ ਤੇ ਦੇਖਿਆ ਹੈ ਕਿ ਰਾਗੀ ਸਿੰਘ ਨੇ ਜੇਕਰ ਕੋਈ ਵੱਡਾ ਤਾਲ ਗਾਉਣਾ ਹੋਵੇ ਤਾਂ ਪਹਿਲੇ ਤਬਲੇ ਵਾਲੇ ਨੂੰ ਦੱਸ ਦੇਂਦੇ ਸਨ ਕਿ ਫਲਾਣਾ ਤਾਲ ਵਜਾਣਾ ਹੈ। ਪਰ ਸੁਰਜਨ ਸਿੰਘ ਵਿਚ ਖਾਸੀਅਤ ਸੀ ਕਿ ਉਸ ਨੂੰ ਬਿਨਾਂ ਦੱਸੇ ਜਿਹੜਾ ਤਾਲ ਮਰਜ਼ੀ ਸ਼ੁਰੂ ਕਰ ਦਿਉ, ਉਹ ਇਕ ਚਕਰ ਸੁਣ ਕੇ, ਦੂਜੇ ਚਕਰ ਤੇ ਸ਼ੁਰੂ ਕਰ ਦੇਂਦਾ ਸੀ ਫਿਰ ਨਿਰਾ ਤਾਲ ਵਜਾਣਾ ਹੀ ਨਹੀਂ, ਉਸ ਵਿਚ ਪ੍ਰਣਾਂ ਰੇਲੇ ਵਜਾ ਕੇ ਉਸ ਦੀ ਖੂਬਸੂਰਤੀ ਵੀ ਵਧਾਉਣੀ। ਇਹ ਗੁਣ ਹਰ ਕਿਸੇ ਵਿਚ ਨਹੀਂ ਹੁੰਦੇ।

ਭਾਈ ਸੁਰਜਨ ਸਿੰਘ ਜੀ ਨੂੰ ਮੈਂ ਪਹਿਲੀ ਵਾਰ ਕਾਨਪੁਰ ਦੇਖਿਆ ਸੀ, ਸੰਨ 1958/59 ਵਿਚ, ਉਦੋਂ ਮੈਂ ਭਾਈ ਮਾਨ ਸਿੰਘ ਪੰਛੀ ਜੀ ਨਾਲ ਗੁਰਦੁਆਰਾ ਸਿੰਘ ਸਭਾ ਲਾਟੂਸ ਰੋਡ ਵਿਖੇ ਸਹਾਇਕ ਰਾਗੀ ਸੀ। ਉਹਨੀ ਦਿਨੀਂ ਭਾਈ ਜਗਜੀਤ ਸਿੰਘ ਰਾਗੀ ਜੋ ਅੱਖਾਂ ਤੋਂ ਹੀਣ ਸਨ, ਇਹ ਕਾਨਪੁਰ ਪਰਿਵਾਰ ਸਮੇਤ ਆਏ ਤੇ ਕੁਛ ਦਿਨ ਉਥੇ ਸਾਡੇ ਪਾਸ ਹੀ ਰਹੇ। ਭਾਈ ਜਗਜੀਤ ਸਿੰਘ ਜੀ ਨੂੰ ਅਸੀਂ ਸਾਰੇ ਜਾਣਦੇ ਸਾਂ। ਇਹ ਪਹਿਲਾਂ ਗੁਰਦੁਆਰਾ ਸਿੰਘ ਸਭਾ ਰਜਮੈਂਟ ਬਜ਼ਾਰ ਅੰਬਾਲਾ ਛਾਉਣੀ ਵਿਖੇ, ਮਾਸਟਰ ਅਜੀਤ ਸਿੰਘ ਜੀ ਨਾਲ ਸਹਾਇਕ ਰਾਗੀ ਸਨ ਅਤੇ ਦਾਸ ਵੀ ਅੰਬਾਲਾ ਵਿਖੇ ਰਹਿੰਦੇ ਰਹੇ ਹਨ। ਇਸ ਲਈ ਅਸੀਂ ਜਾਣਦੇ ਸਾਂ। ਮਾਸਟਰ ਅਜੀਤ ਸਿੰਘ ਰਾਗੀ ਬਹੁਤ ਸੁਲਝੇ ਹੋਏ ਸੰਗੀਤਕਾਰ ਤੇ ਕਲਾਸੀਕਲ ਕੀਰਤਨੀਏ ਸਨ। ਮੇਰਾ ਇਕ ਜਿਗਰੀ ਦੋਸਤ ਸੀ, ਭਾਈ ਦੀਦਾਰ ਸਿੰਘ, ਅੰਬਾਲੇ ਸ਼ਹਿਰ ਦਾ ਸੀ। ਉਸ ਨੇ ਤਬਲਾ ਸਿੱਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਮੈਂ ਉਸ ਨੂੰ ਤਬਲਾ ਸ਼ੁਰੂ ਕਰਾ ਕੇ ਫਿਰ ਮਾਸਟਰ ਅਜੀਤ ਸਿੰਘ ਜੀ ਕੋਲ ਭੇਜ ਦਿੱਤਾ ਕਿਉਂ ਕਿ ਉਦੋਂ ਮੈਂ ਵੀ ਆਪਣੇ ਪਿਤਾ ਜੀ ਗਿਆਨੀ ਈਸ਼ਰ ਸਿੰਘ ਮਸਕੀਨ ਜੀ ਨਾਲ ਗੁਰਦੁਆਰਾ ਗੋਬਿੰਦਪੁਰਾ ਅੰਬਾਲਾ ਸ਼ਹਿਰ ਵਿਖੇ ਤਬਲਾ ਵਜਾਂਦਾ ਸੀ। ਇਹ ਮੇਰਾ ਦੋਸਤ ਦੀਦਾਰ ਸਿੰਘ ਬਾਅਦ ਵਿਚ ਇਕ ਮਹਾਨ ਕਲਾਕਾਰ ਤਬਲੇ ਦਾ ਹੋ ਨਿਬੜਿਆ, ਜੋ ਕਿ ਹੋਰ ਕਈ ਰਾਗੀਆਂ ਤੋਂ ਇਲਾਵਾ ਭਾਈ ਬਖਸ਼ੀਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਨਾਲ ਕਾਫੀ ਸਮਾਂ ਤਬਲੇ ਤੇ ਸੰਗਤ ਕਰਦੇ ਰਹੇ। ਸੋ ਮਾਸਟਰ ਅਜੀਤ ਸਿੰਘ ਜੀ ਵੀ ਅੱਖਾਂ ਤੋਂ ਹੀਣ ਸਨ ਲੇਕਿਨ ਸ਼ਾਸ਼ਤਰੀਯ ਸੰਗੀਤ ਦੇ ਮਹਾਨ ਵਿਦਵਾਨ ਸਨ। ਜਿਥੇ ਆਪ ਗਾਇਕੀ ਵਿਚ ਮਾਹਰ ਸਨ, ਉਥੇ ਆਪ ਜੀ ਤਬਲੇ ਦੇ ਮਹਾਨ ਕਲਾਕਾਰ ਸਨ ਅਤੇ ਆਪ ਜੀ ਦੀ ਤਬਲੇ ਦੀ ਬਹੁਤ ਤਿਆਰੀ

ਸੀ। ਸੋ ਆਪ ਜੀ ਬਾਅਦ ਵਿਚ ਅੰਬਾਲਾ ਛੱਡ ਗਏ ਸਨ ਅਤੇ ਸ੍ਰੀ ਹਜ਼ੂਰ ਸਾਹਿਬ ਨਾਦੇੜ ਚਲੇ ਗਏ ਤਾਂ ਉਥੇ ਸਚਖੰਡ ਦੀ ਕਮੇਟੀ ਨੇ ਆਪ ਜੀ ਨੂੰ ਪੱਕੀ ਸੇਵਾ ਤੇ ਰੱਖ ਲਿਆ ਅਤੇ ਕੁਛ ਸਮਾਂ ਹਜ਼ੂਰ ਸਾਹਿਬ ਰਹਿ ਕੇ ਫਿਰ ਆਪ ਜੀ ਗੁਰਦੁਆਰਾ ਨਾਨਕ ਝੀਰਾ ਬਿਦਰ ਚਲੇ ਗਏ ਤੇ ਉਥੇ ਸੇਵਾ ਕਰਦੇ ਰਹੇ। ਤੇ ਉਥੇ ਆਪ ਜੀ ਦਾ ਦੇਹਾਂਤ ਹੋ ਗਿਆ। ਸੋ ਭਾਈ ਜਗਜੀਤ ਸਿੰਘ ਜੀ, ਸੁਰਜਨ ਸਿੰਘ ਦੇ ਪਿਤਾ ਨੇ ਮਾਸਟਰ ਅਜੀਤ ਸਿੰਘ ਜੀ ਨਾਲ ਕਾਫੀ ਸਮਾਂ ਸਹਾਇਕ ਰਾਗੀ ਦੀ ਡਿਊਟੀ ਕੀਤੀ ਸੀ ਅਤੇ ਇਹ ਵੀ ਬਹੁਤ ਸੁਰੀਲੇ ਸਨ, ਬੜੀ ਮਿੱਠੀ ਆਵਾਜ਼ ਸੀ, ਗਾਉਣ ਲੱਗੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦੇਂਦੇ ਸਨ ਅਤੇ ਆਪ ਜੀ ਗਜ਼ਲ ਵੀ ਬਹੁਤ ਅੱਛੀ ਗਾਉਂਦੇ ਸਨ। ਵੱਡੇ-ਵੱਡੇ ਗਜ਼ਲਕਾਰ ਉਹਨਾਂ ਨੂੰ ਬੜੇ ਚਾਅ ਨਾਲ ਸੁਣਦੇ ਸਨ ਅਤੇ ਭਾਈ ਜਗਜੀਤ ਸਿੰਘ ਜੀ ਤਬਲੇ ਦੇ ਵੀ ਬਹੁਤ ਅੱਛੇ ਕਲਾਕਾਰ ਸਨ।

ਸੋ ਇਸ ਤਰ੍ਹਾਂ ਸਾਡੀ ਪੁਰਾਣੀ ਵਾਕਫੀ ਸੀ, ਸੋ ਜਦੋਂ ਭਾਈ ਜਗਜੀਤ ਸਿੰਘ ਜੀ ਸਾਡੇ ਕੋਲ ਕਾਨਪੁਰ ਆਏ ਤਾਂ ਇਹਨਾਂ ਨੇ ਵਿਆਹ ਕੀਤਾ ਹੋਇਆ ਸੀ ਅਤੇ ਇਹਨਾਂ ਦੀ ਪਤਨੀ ਅਤੇ ਦੋ ਬੱਚੇ ਇਹਨਾਂ ਦੇ ਨਾਲ ਸਨ। ਇਕ ਭਾਈ ਸੁਰਜਨ ਸਿੰਘ ਜੀ ਅਤੇ ਇਕ ਉਸ ਦੀ ਭੈਣ ਸੀ। ਉਸ ਸਮੇਂ ਸੁਰਜਨ ਸਿੰਘ ਦੀ ਉਮਰ ਕੋਈ ਅੱਠ ਕੁ ਸਾਲ ਦੇ ਕਰੀਬ ਸੀ ਅਤੇ ਭਾਈ ਜਗਜੀਤ ਸਿੰਘ ਨੇ ਉਦੋਂ ਹੀ ਸੁਰਜਨ ਸਿੰਘ ਨੂੰ ਤਬਲਾ ਵਜਾਉਣਾ ਸਿਖਾਉਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਪਹਿਲੀ ਵਾਰ ਮੈਂ ਸੁਰਜਨ ਸਿੰਘ ਨੂੰ ਦੇਖਿਆ ਸੀ।

ਭਾਈ ਸੁਰਜਨ ਸਿੰਘ ਦੇ ਜਨਮ ਬਾਰੇ ਤਾਂ ਦਾਸ ਨੂੰ ਪੂਰਾ ਪਤਾ ਨਹੀਂ ਕਿ ਕਦੋਂ ਤੇ ਕਿੱਥੇ ਹੋਇਆ। ਪਰ ਭਾਈ ਸੁਰਜਨ ਸਿੰਘ ਦੀ ਜ਼ੁਬਾਨੀ ਜੋ ਮੈਨੂੰ ਪਤਾ ਲੱਗਾ ਉਹ ਜਾਣਕਾਰੀ ਮੈਂ ਲਿਖ ਰਿਹਾ ਹਾਂ। ਆਪ ਜੀ ਦੇ ਜਨਮ ਦੇਣ ਵਾਲੇ ਪਿਤਾ ਜੀ ਦਾ ਨਾਮ ਸਰਦਾਰ ਕਿਸ਼ਨ ਸਿੰਘ ਸੀ, ਜੋ ਕਿ ਸੁਰਜਨ ਸਿੰਘ ਦੇ ਬਚਪਨ ਵਿਚ ਹੀ ਉਹਨਾਂ ਦਾ ਦੇਹਾਂਤ ਹੋ ਗਿਆ ਤੇ ਸੁਰਜਨ ਸਿੰਘ ਬਚਪਨ ਵਿਚ ਹੀ ਅਨਾਥ ਹੋ ਗਏ। ਇਹਨਾਂ ਦੇ ਪਿਤਾ ਦੇ ਗੁਜਰਨ ਤੋਂ ਬਾਅਦ, ਇਹਨਾਂ ਦੀ ਮਾਤਾ ਨੇ ਦੂਸਰਾ ਵਿਆਹ ਭਾਈ ਜਗਜੀਤ ਸਿੰਘ ਰਾਗੀ ਨਾਲ ਕਰ ਲਿਆ। ਭਾਈ ਜਗਜੀਤ ਸਿੰਘ ਜੀ ਦਾ ਪਿਛੋਕੜ ਪਿੰਡ ਜਿਲ੍ਹਾਂ ਰੋਪੜ ਦਾ ਹੈ। ਸੁਰਜਨ ਸਿੰਘ ਦੀ ਛੋਟੀ ਭੈਣ ਸੀ ਉਹ ਜਗਜੀਤ ਸਿੰਘ ਦੀ ਸੰਤਾਨ ਸੀ। ਭਾਈ ਜਗਜੀਤ ਸਿੰਘ ਜੀ ਬਹੁਤ ਹੀ ਸੱਜਣ ਪੁਰਸ਼ ਸਨ, ਮਿੱਤਰਾਂ ਦੇ ਮਿੱਤਰ ਅਤੇ ਯਾਰਾਂ ਦੇ ਯਾਰ ਸਨ। ਸੋ ਇਸ ਕਾਰਨ ਭਾਈ ਸੁਰਜਨ ਸਿੰਘ, ਭਾਈ ਜਗਜੀਤ ਸਿੰਘ ਨੂੰ ਆਪਣਾ ਪਿਤਾ ਮੰਨਣ ਲੱਗ ਪਏ ਸਨ। ਸੋ ਸਭ ਤੋਂ ਪਹਿਲਾਂ ਭਾਈ ਜਗਜੀਤ ਸਿੰਘ ਜੀ ਨੇ ਹੀ ਸੁਰਜਨ ਸਿੰਘ ਨੂੰ ਤਬਲਾ ਵਜਾਉਣਾ ਸਿਖਾਣਾ ਸ਼ੁਰੂ ਕੀਤਾ ਸੀ ਅਤੇ ਆਪ ਜੀ ਆਪਣੇ ਨਾਲ ਕੀਰਤਨ ਦੀ ਸੰਗਤ ਵਾਸਤੇ ਨਾਲ ਬਿਠਾਦੇਂ ਰਹੇ। ਆਪ ਜੀ , ਜਗਜੀਤ ਸਿੰਘ ਜੀ ਫਿਰਦੇ ਫਿਰਦੇ ਲਖਨਊ ਚਲੇ ਗਏ ਅਤੇ ਲਖਨਊ ਗੁਰਦੁਆਰਾ ਸਿੰਘ ਸਭਾ ਨਾਕਾ ਹਿੰਡੋਲਾ ਵਿਖੇ ਭਾਈ ਕਲਿਆਨ ਸਿੰਘ ਜੀ ਹਜ਼ੂਰੀ ਰਾਗੀ ਲਗੇ ਹੋਏ ਸਨ ਤੇ ਉਹਨਾਂ ਦੇ ਨਾਲ ਸਹਾਇਕ ਰਾਗੀ ਭਾਈ ਕਲਿਆਨ ਸਿੰਘ ਜੀ ਦਾ ਵੱਡਾ ਭਰਾ ਸੀ। ਉਹਨਾਂ ਦਾ ਦਿਹਾਂਤ ਹੋ ਗਿਆ ਤਾਂ ਭਾਈ ਕਲਿਆਨ ਸਿੰਘ ਜੀ ਨੇ ਭਾਈ ਜਗਜੀਤ ਸਿੰਘ ਨੂੰ ਆਪਣੇ ਨਾਲ ਸਹਾਇਕ ਰਾਗੀ ਲਾ ਲਿਆ ਤੇ ਕੁਛ ਚਿਰ ਬਾਅਦ ਭਾਈ ਸੁਰਜਨ ਸਿੰਘ ਵੀ ਭਾਈ ਕਲਿਆਨ ਸਿੰਘ ਨਾਲ ਤਬਲੇ ਤੇ ਲਗ ਗਿਆ। ਦੋਵੇਂ ਪਿਉ ਪੁੱਤਰ ਭਾਈ ਕਲਿਆਨ ਸਿੰਘ ਨਾਲ ਲਗ ਗਏ। ਭਾਈ ਕਲਿਆਨ ਸਿੰਘ ਨਾਲ ਬਹੁਤ ਸਮਾਂ ਸੁਰਜਨ ਸਿੰਘ ਨੇ ਤਬਲੇ ਦੀ ਸੇਵਾ ਕੀਤੀ ਅਤੇ ਭਾਈ ਸੁਰਜਨ ਸਿੰਘ ਜਿਥੇ ਡਿਊਟੀ ਕਰਦੇ ਸਨ ਉਥੇ ਹੋਰ ਵੀ ਸਿੱਖਣ ਦਾ ਬਹੁਤ ਸੌ ਰਖਦੇ ਸਨ। ਸੋ ਲਖਨਊ ਵਿਖੇ ਭਾਤਖੰਡੇ ਸੰਗੀਤ ਕਾਲਜ ਵਿਚ ਪੰਡਤ ਰਾਮ ਚੰਦਰ ਭੱਟ ਤਬਲੇ ਦੇ ਪ੍ਰੋਫੈਸਰ ਸਨ, ਉਹਨਾਂ ਤੋਂ ਵੀ ਆਪ ਜੀ ਤਬਲੇ ਦੀ ਸਿੱਖਿਆ ਲੈਂਦੇ ਰਹੇ।

ਇਕ ਵਾਰ ਇਕ ਪ੍ਰੋਗਰਾਮ ਤੇ ਭਾਈ ਕਲਿਆਨ ਸਿੰਘ ਜੀ ਜਥੇ ਸਮੇਤ ਗੁਰਦੁਆਰਾ ਗੁਰੂ ਬਾਗ ਬਨਾਰਸ ਵਿਖੇ ਗਏ ਅਤੇ ਗੁਰੂ ਬਾਗ ਬਨਾਰਸ ਵਿਖੇ ਉਦੋਂ ਭਾਈ ਮਹਿੰਦਰ ਸਿੰਘ ਜੀ ਰਾਗੀ ਕੀਰਤਨ ਦੀ ਸੇਵਾ ਕਰ ਰਹੇ ਸਨ ਅਤੇ ਆਪ ਜੀ ਵੀ ਅੱਖਾਂ ਤੋਂ ਹੀਣ ਸਨ। ਭਾਈ ਮਹਿੰਦਰ ਸਿੰਘ ਜੀ ਬਹੁਤ ਹੀ ਸੁਲਝੇ ਹੋਏ ਸ਼ਾਸ਼ਤਰੀਯ ਸੰਗੀਤ ਦੇ ਮਹਾਨ ਵਿਦਵਾਨ ਹਨ। ਭਾਈ ਮਹਿੰਦਰ ਸਿੰਘ ਜੀ ਤਖਤ ਸ੍ਰੀ ਪਟਨਾ ਸਾਹਿਬ ਅਤੇ ਗੁਰਦੁਆਰਾ ਗੁਰੂ ਬਾਗ ਬਨਾਰਸ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਬਾਅਦ ਵਿਚ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਕੀਰਤਨ ਦੀ ਸੇਵਾ ਕਰ ਚੁੱਕੇ ਹਨ ਅਤੇ ਅੱਜਕੱਲ ਸ੍ਰੀ ਪਾਉਂਟਾ ਸਾਹਿਬ ਵਿਖੇ ਗੁਰਮਤਿ ਸੰਗੀਤ ਵਿਦਿਆਲੇ ਵਿਚ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇ ਰਹੇ ਹਨ।

ਸੋ ਜਦੋਂ ਭਾਈ ਕਲਿਆਨ ਸਿੰਘ ਜੀ ਬਨਾਰਸ ਗਏ ਤਾਂ ਭਾਈ ਮਹਿੰਦਰ ਸਿੰਘ ਜੀ ਨੇ ਭਾਈ ਸੁਰਜਨ ਸਿੰਘ ਜੀ ਦਾ

ਤਬਲਾ ਸੁਣਿਆ ਤਾਂ ਉਹਨਾਂ ਨੇ ਭਾਈ ਸੁਰਜਨ ਸਿੰਘ ਨੂੰ ਆਪਣੇ ਨਾਲ ਰੱਖਣ ਲਈ ਪ੍ਰੇਰ ਲਿਆ ਤੇ ਭਾਈ ਸੁਰਜਨ ਸਿੰਘ ਵੀ ਬਨਾਰਸ ਰਹਿਣਾ ਮੰਨ ਗਏ। ਤੇ ਫਿਰ ਆਪ ਜੀ ਲਖਨਊ ਤੋਂ ਛੱਡ ਕੇ ਭਾਈ ਮਹਿੰਦਰ ਸਿੰਘ ਜੀ ਨਾਲ ਬਨਾਰਸ ਆ ਗਏ। ਇਥੇ ਆ ਕੇ ਡਿਊਟੀ ਕਰਨ ਦੇ ਨਾਲ-ਨਾਲ ਹੋਰ ਉਸਤਾਦਾਂ ਕੋਲੋਂ ਤਬਲੇ ਦੀ ਸਿੱਖਿਆ ਲਈ। ਪਹਿਲਾਂ ਪੰਡਿਤ ਬਿਰਜੂ ਮਹਾਰਾਜ ਜੋ ਕੱਥਕ ਦੇ ਡਾਂਸਰ ਸਨ ਉਹਨਾਂ ਤੋਂ ਕੱਥਕ ਵਜਾਣਾ ਸਿੱਖਿਆ, ਫਿਰ ਪੰਡਿਤ ਲੱਛੂ ਮਹਾਰਾਜ ਜੀ ਤੋ ਵਿਧੀਵਤ ਤਬਲੇ ਦੀ ਸਿੱਖਿਆ ਲਈ। ਪੰਡਿਤ ਲੱਛੂ ਮਹਾਰਾਜ ਦੇ ਬਹੁਤ ਸਾਰੇ ਸ਼ਾਗਿਰਦ ਫਿਲਮ ਇੰਡਸਟਰੀ ਵਿਚ ਵੀ ਤਬਲੇ ਦੇ ਕਲਾਕਾਰ ਹਨ।

ਭਾਈ ਸੁਰਜਨ ਸਿੰਘ ਨੇ ਤਖਤ ਸ੍ਰੀ ਪਟਨਾ ਸਾਹਿਬ, ਗੁਰਦੁਆਰਾ ਗੁਰੂ ਬਾਗ ਬਨਾਰਸ, ਗੁਰਦੁਆਰਾ ਸਿੰਘ ਸਭਾ ਲਖਨਊ, ਗੁਰਦੁਆਰਾ ਸਦਰ ਬਾਜ਼ਾਰ ਲਖਨਊ, ਗੁਰਦੁਆਰਾ ਸਿੰਘ ਸਭਾ ਕਾਨਪੁਰ, ਗੁਰਦੁਆਰਾ ਸਿੰਘ ਸਭਾ ਗੋਂਡਾ, ਗੁਰਦੁਆਰਾ ਸਿੰਘ ਸਭਾ ਬਰੇਲੀ, ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ, ਗੁਰਦੁਆਰਾ ਕਲਗੀਧਰ ਸਿੰਘ ਸਭਾ ਲੁਧਿਆਣਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਇਹਨਾਂ ਅਸਥਾਨਾਂ ਤੇ ਤਬਲੇ ਦੀ ਸੇਵਾ ਨਿਭਾਈ ਹੈ ਅਤੇ ਭਾਈ ਸੁਰਜਨ ਸਿੰਘ ਨੇ ਜਿਹਨਾਂ ਰਾਗੀ ਸਿੰਘਾਂ ਨਾਲ ਤਬਲੇ ਦੀ ਸੰਗਤ ਕੀਤੀ ਉਹਨਾਂ ਵਿਚ ਦਾਸ ਤੋਂ ਇਲਾਵਾ ਭਾਈ ਕਲਿਆਨ ਸਿੰਘ ਲਖਨਊ, ਭਾਈ ਮਹਿੰਦਰ ਸਿੰਘ ਜੀ ਬਨਾਰਸ, ਭਾਈ ਜੈ ਸਿੰਘ ਜੀ ਸੀਸ ਗੰਜ ਸਾ: ਦਿੱਲੀ, ਭਾਈ ਕੁਲਦੀਪ ਸਿੰਘ ਕਾਨਪੁਰ, ਹੋਰ ਵੀ ਕਈ ਰਾਗੀਆਂ ਨਾਲ ਸੰਗਤ ਕੀਤੀ ਜਿਹਨਾਂ ਦੇ ਨਾਮ ਮੈਨੂੰ ਯਾਦ ਨਹੀਂ।

ਸੋ ਜਦੋਂ ਆਪ ਜੀ ਭਾਈ ਕਲਿਆਨ ਸਿੰਘ ਨਾਲ ਲਖਨਊ ਵਿਖੇ ਡਿਊਟੀ ਕਰ ਰਹੇ ਸਨ। ਇਕ ਦਿਨ ਛੁੱਟੀ ਲੈ ਕੇ ਅਚਾਨਕ ਹੀ ਮੇਰਠ ਆ ਗਏ। ਦਾਸ ਉਦੋਂ ਗੁਰਦੁਆਰਾ ਸਿੰਘ ਸਭਾ ਮੇਰਠ ਵਿਖੇ ਕੀਰਤਨ ਦੀ ਸੇਵਾ ਤੇ ਲੱਗਾ ਹੋਇਆ ਸੀ। ਉਥੇ ਇਕ ਦਿਨ ਭਾਈ ਸੁਰਜਨ ਸਿੰਘ ਨੇ ਮੈਨੂੰ ਆਪਣਾ ਤਬਲਾ ਸੁਣਾਇਆ ਤਾਂ ਮੈਂ ਸੁਣ ਕੇ ਇਤਨਾ ਖੁਸ਼ ਹੋਇਆ ਕਿ ਮਨ ਵਿਚ ਧਾਰ ਲਿਆ ਕਿ ਜਦੋਂ ਸਮਾਂ ਮਿਲਿਆ ਮੈਂ ਇਸ ਨੂੰ ਆਪਣੇ ਨਾਲ ਰੱਖਣਾ ਹੈ। ਪਹਿਲੀ ਵਾਰ ਮੈਂ ਇਸ ਨੂੰ ਕਾਨਪੁਰ ਸੰਨ 1959 ਵਿਚ ਦੇਖਿਆ ਸੀ ਜਦੋਂ ਇਹ ਤਕਰੀਬਨ ਅੱਠ ਸਾਲ ਦੇ ਸਨ। ਉਸ ਤੋਂ ਬਾਅਦ ਫਿਰ ਮੈਂ ਹੁਣ ਮੇਰਠ ਵਿਚ ਇਹਨਾਂ ਨੂੰ ਸੰਨ 1972 ਵਿਚ ਵੇਖਿਆ ਸੀ। ਤਕਰੀਬਨ ਬਾਰਾਂ ਸਾਲਾਂ ਬਾਅਦ। ਸੋ ਕੁਦਰਤ ਨੇ ਸਾਡਾ ਮਿਲਾਪ ਕਰਵਾਣਾ ਸੀ। ਭਾਈ ਸੁਰਜਨ ਸਿੰਘ ਜੀ ਆਪਣੀ ਮਾਸੀ ਪਾਸ ਆਲਮ ਬਾਗ ਲਖਨਊ ਹੀ ਰਹਿੰਦੇ ਸਨ, ਉਥੇ ਮੇਲ ਹੋ ਗਿਆ। ਮੈਂ ਉਦੋਂ ਜੱਥੇ ਸਮੇਤ ਗੁਰਦੁਆਰਾ ਸਦਰ ਬਾਜ਼ਾਰ ਲਖਨਊ ਵਿਖੇ ਕੀਰਤਨ ਦੀ ਸੇਵਾ ਕਰ ਰਿਹਾ ਸਾਂ ਤਾਂ ਮੈਨੂੰ ਤਬਲੇ ਵਾਲੇ ਦੀ ਜਰੂਰਤ ਪੈ ਗਈ ਤਾਂ ਮੈਂ ਭਾਈ ਸੁਰਜਨ ਸਿੰਘ ਨੂੰ ਆਪਣੇ ਨਾਲ ਪੱਕੇ ਤੌਰ ਤੇ ਰੱਖ ਲਿਆ।

ਹੁਣ ਕੁਝ ਖਾਸ ਘਟਨਾਵਾ ਉਨ੍ਹਾ ਦੀ ਜ਼ਿੰਦਗੀ ਦੀਆਂ ਲਿਖਣ ਲੱਗਾ ਹਾਂ। ਸੰਨ 1983 ਵਿਚ, ਯੂ.ਪੀ. ਸਟੇਟ ਤੋਂ ਪੰਜ ਸੌ ਯਾਤਰੀਆਂ ਦੀ ਯਾਤਰਾ ਪਾਕਿਸਤਾਨ ਦੇ ਗੁਰਧਾਮਾਂ ਲਈ ਗਈ, ਤੇ ਸਾਡੇ ਰਾਗੀ ਜਥੇ ਨੂੰ ਉਹ ਕੀਤਰਨ ਦੀ ਸੇਵਾ ਵਾਸਤੇ ਨਾਲ ਲੈ ਗਏ। ਸੋ ਸਾਡੀ ਏਹ ਯਾਤਰਾ 1 ਜਨਵਰੀ 1983 ਨੂੰ ਅੰਮ੍ਰਿਤਸਰ ਤੋਂ ਰੇਲ ਰਾਹੀਂ ਸ਼ੁਰੂ ਹੋਈ। ਯਾਤਰਾ ਪਹਿਲੇ ਨਨਕਾਣਾ ਸਾਹਿਬ, ਫਿਰ ਗੁਰਦੁਆਰਾ ਪੰਜਾ ਸਾਹਿਬ ਹਸਨ ਅਬਦਾਲ ਤੇ ਬਾਅਦ ਵਿਚ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਗਈ। ਜਦੋਂ ਲਾਹੌਰ ਪੁੱਜੇ ਤਾਂ ਉਥੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਆਖੰਡ ਪਾਠ ਅਰੰਭ ਕੀਤਾ ਸੀ ਤਾਂ ਭੋਗ ਤੋਂ ਬਾਅਦ ਹੀ ਤਿੰਨ ਦਿਨਾਂ ਬਾਅਦ ਵਾਪਸ ਇੰਡੀਆ ਆਉਣਾ ਸੀ। ਸੋ ਜਿਸ ਦਿਨ ਅਖੰਡ ਪਾਸ ਰੱਖਿਆ ਗਿਆ, ਉਸ ਦਿਨ ਭੋਗ ਤੋਂ ਬਾਅਦ ਅਸੀਂ ਬਰੇਕ ਫਾਸਟ ਕਰਕੇ ਲਾਹੌਰ ਦਾ ਅਨਾਰਕਲੀ ਬਜ਼ਾਰ ਵੇਖਣ ਦਾ ਪ੍ਰੋਗਰਾਮ ਬਣਾਇਆ ਤਾਂ ਜਦੋਂ ਅਸੀਂ ਲਾਹੌਰ ਦੇ ਕਿਲੇ ਅੱਗੋਂ ਲੰਘ ਕੇ ਬਜ਼ਾਰ ਵਿਚ ਗਏ ਤਾਂ ਅੱਗੇ ਬਜ਼ਾਰ ਵਿਚ ਕੁਝ ਸੰਗੀਤ ਕਲਾਕਾਰ ਮੁਸਲਮਾਨ ਭਾਈ ਖੜੇ ਹੋਏ ਸਨ। ਉਹ ਸਾਡਾ ਪਹਿਰਾਵਾ ਦੇਖ ਕੇ ਆਪਸ ਵਿਚ ਗੱਲਾਂ ਕਰਨ ਲੱਗੇ ਕਿ ਇਹ ਮੁੰਡੇ ਰਾਗੀ ਲੱਗਦੇ ਹਨ। ਮੈਂ ਆਵਾਜ਼ ਸੁਣ ਲਈ ਤੇ ਕਿਹਾ ਜੀ ਤੁਸੀਂ ਠੀਕ ਪਛਾਣਿਐ ਅਸੀਂ ਰਾਗੀ ਹੀ ਹਾਂ। ਤਾਂ ਉਨ੍ਹਾਂ ਸਾਰਿਆਂ ਨੇ ਸਾਡੇ ਤਿੰਨਾਂ ਨਾਲ ਹੱਥ ਮਿਲਾ ਕੇ ਸਤ ਸ੍ਰੀ ਅਕਾਲ ਬੁਲਾਈ। ਸੋ ਜਦੋਂ ਉਨ੍ਹਾਂ ਨੇ ਭਾਈ ਸੁਰਜਨ ਸਿੰਘ ਨਾਲ ਹੱਥ ਮਿਲਾਇਆ, ਤਾਂ ਉਸ ਦਾ ਹੱਥ ਵੇਖ ਕੇ ਇਕ ਬੰਦਾ ਕਹਿਣ ਲੱਗਾ ਕਿ ਇਹ ਮੁੰਡਾ ਤਬਲਾ ਵਜਾਂਦਾ ਹੈ। ਮੈਂ ਕਿਹਾ ਜੀ ਤੁਸੀਂ ਠੀਕ ਪਛਾਣਿਆ ਹੈ। ਇਹ ਵਾਕਿਆਂ ਹੀ ਤਬਲਾ ਵਜਾਂਦਾ ਹੈ। ਤਾ ਉਹ ਕਹਿਣ ਲੱਗਾ ਕਿ ਇਹਦੇ ਹੱਥ ਤੋਂ ਪਤਾ ਲੱਗਦਾ ਹੈ ਕਿ ਇਹ ਮਾੜਾ ਮੋਟਾ ਤਬਲੀਆ ਨਹੀਂ, ਬਲਕਿ ਚੰਗਾ ਕਲਾਕਾਰ ਵਜੰਤਰੀ ਹੈ। ਮੈਂ ਤਾਂ ਹੈਰਾਨ ਰਹਿ ਗਿਆ। ਉਨ੍ਹਾਂ ਦੀ ਪਛਾਣ ਦੇਖ ਕੇ ਕਿ ਹੱਥ ਵੇਖ ਕੇ ਹੀ ਸਾਰਾ ਕੁਝ

ਸਮਝ ਲਿਆ ਹੈ। ਤਾਂ ਉਹ ਕਹਿਣ ਲੱਗਾ ਕਿ ਸਰਦਾਰ ਜੀ ਅਸੀਂ ਇਨ੍ਹਾਂ ਨੂੰ ਸੁਣਨਾ ਹੈ। ਤਾ ਮੈਂ ਕਿਹਾ ਜੀ ਅਸੀਂ ਤਾਂ ਹੁਣ ਘੁੰਮਣ ਜਾ ਰਹੇ ਹਾਂ। ਉਧਰੋਂ ਆ ਕੇ ਪ੍ਰੋਗਰਾਮਾਂ ਬਣਾ ਲਵਾਂਗੇ। ਉਦੋਂ ਸਰਦੀਆਂ ਦੇ ਦਿਨ ਸਨ। ਤਾਂ ਮੁਸਲਮਾਨ ਕਲਾਕਾਰਾਂ ਨੇ ਦੁਪਹਿਰ ਬਾਅਦ ਦੋ ਬੰਦੇ ਘੱਲ ਦਿੱਤੇ। ਸੁਰਜਨ ਸਿੰਘ ਨੂੰ ਲੈਣ ਵਾਸਤੇ ਅਤੇ ਬੜੇ ਪਿਆਰ ਤੇ ਸਤਿਕਾਰ ਨਾਲ ਉਸ ਨੂੰ ਨਾਲ ਲੈ ਗਏ। ਤਾਂ ਉਨ੍ਹਾਂ ਨੇ ਲਾਹੌਰ ਦੇ ਹੋਰ ਵੀ ਕੁਝ ਚੰਗੇ ਚੰਗੇ ਕਲਾਕਾਰ ਬੁਲਾ ਲਏ ਤੇ ਮਹਿਫਿਲ ਸਜੀ। ਸਭ ਨੇ ਆਪਣਾ ਆਪਣਾ ਫਨ ਪੇਸ਼ ਕੀਤਾ ਤੇ ਅੰਤ ਵਿਚ ਸੁਰਜਨ ਸਿੰਘ ਨੂੰ ਤਬਲਾ ਫੜਾਇਆ।

ਅਸਲ ਗੱਲ ਇਹ ਸੀ ਕਿ ਮੁਸਲਮ ਲੋਕ ਆਪਣੇ ਵਰਗੇ ਕਲਾਕਾਰ ਹੋਰ ਕਿਸੇ ਨੂੰ ਨਹੀਂ ਸਮਝਦੇ, ਉਹ ਸਮਝਦੇ ਹਨ ਕਿ ਸਾਡੇ ਵਰਗਾ ਕੋਈ ਹੋ ਹੀ ਨਹੀਂ ਸਕਦਾ। ਸੋ ਇਕ ਕਲਾਕਾਰ ਨੇ ਵਾਜੇ ਤੇ ਨਗਮਾ ਰੱਖਿਆ। ਤੇ ਭਾਈ ਸੁਰਜਨ ਸਿੰਘ ਨੇ ਜਦੋਂ ਤਬਲੇ ਤੇ ਪਹਿਲੇ ਹੀ ਨੌ ਵਜਾ ਕੇ ਸੋਲੋ ਸ਼ੁਰੂ ਕੀਤੀ, ਤਿੰਨ ਤਾਲ ਦੀ ਤਾਂ ਉਹ ਸਰੇ ਹੀ ਕਲਾਕਾਰ ਮੂੰਹ ਵਿਚ ਉਂਗਲਾਂ ਪਾਉਣ ਲੱਗੇ। ਤੇ ਆਪਸ ਵਿਚ ਗੱਲਾਂ ਕਰਨ ਲੱਗੇ ਕਿ ਸਿੱਖਾਂ ਦੇ ਵਿਚ ਵੀ ਐਨਾ ਤਬਲੇ ਵਾਲਾ ਹੋ ਸਕਦਾ ਹੈ? ਸੋ ਫਿਰ ਉਨ੍ਹਾਂ ਨੇ ਇਕ ਹੋਰ ਸੰਗੀਤਕਾਰ, ਉਸਤਾਦ ਗੁਲਾਮ ਮੁਹੰਮਦ ਨੂੰ ਫੋਨ ਕਰਕੇ ਸੱਦਿਆ। ਇਹ ਉਹ ਗੁਲਾਮ ਮੁਹੰਮਦ ਸਨ, ਜੋ ਪਹਿਲੇ ਭਾਰਤੀ ਫਿਲਮਾਂ ਵਿਚ ਸੰਗੀਤ ਦੇ ਚੁੱਕੇ ਸਨ, ਜਿਸ ਤਰ੍ਹਾਂ ਪੁਰਾਣੀ ਫਿਲਮ ਮਿਰਜ਼ਾ ਗਾਲਿਬ ਅਤੇ ਪਾਕੀਜ਼ਾ ਫਿਲਮਾਂ ਵਿਚ ਸੰਗੀਤ ਦੇ ਚੁੱਕੇ ਸਨ। ਸੋ ਮਾਸਟਰ ਗੁਲਾਮ ਮੁਹੰਮਦ ਨੂੰ ਸੱਦ ਕੇ ਭਾਈ ਸੁਰਜਨ ਸਿੰਘ ਦਾ ਤਬਲਾ ਸੁਣਾਇਆ ਤਾਂ ਉਸਤਾਦ ਗੁਲਾਮ ਮੁਹੰਮਦ ਨੇ ਖੁਸ਼ ਹੋ ਕੇ ਭਾਈ ਸੁਰਜਨ ਸਿੰਘ ਪਾਰਟੀ ਦੇ ਕੇ ਸਨਮਾਨਿਮ ਕਰਨ ਦਾ ਫੈਸਲਾ ਕੀਤਾ। ਸੋ ਦੂਜੇ ਦਿਨ ਪਾਰਟੀ ਰੱਖੀ ਗਈ। ਅਸੀਂ ਵੀ ਨਾਲ ਗਏ, ਪਾਕਿਸਤਾਨ ਦੇ ਅੱਛੇ ਅੱਛੇ ਕਲਾਕਾਰ ਸਭ ਸੱਦੇ ਗਏ। ਤੇ ਪਾਰਟੀ ਵਿਚ ਇਕ ਦੁਸ਼ਾਲਾ ਅਤੇ ਗਿਆਰਾਂ ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਨਾਲ ਸਾਨੂੰ ਵੀ ਇਕ ਇਕ ਸੂਟ ਦੇ ਕੇ ਸਨਮਾਨਿਤ ਕੀਤਾ ਗਿਆ। ਸੋ ਅਗਲੇ ਦਿਨ ਅਸੀਂ ਲਾਹੌਰ ਤੋਂ ਵਾਪਸ ਇੰਡੀਆ ਆ ਗਏ।

ਇਕ ਵਾਰ ਅਸੀਂ ਗੁਰਦੁਆਰਾ ਸਿੰਘ ਸਭਾ ਸ਼ਿਮਲਾ ਦੇ ਸੱਦੇ ਤੇ ਗੁਰੂ ਨਾਨਕ ਪੁਰਬ ਤੇ ਉਥੇ ਗਏ ਤਾਂ ਸ਼ਿਮਲੇ ਰੇਡੀਓ ਸਟੇਸ਼ਨ ਤੇ ਸ. ਤਿਰਲੋਕ ਸਿੰਘ ਤਬਲੇ ਦੀ ਡਿਊਟੀ ਕਰਦੇ ਹਨ। ਇਹ ਸ੍ਰੀ ਉਸਤਾਦ ਕਰਾਮਾਤ ਉਲਾਂ ਖਾਂ ਕਲਕੱਤੇ ਵਾਲਿਆ ਦੇ ਸ਼ਾਗਿਰਦ ਹਨ। ਤੇ ਭਾਈ ਸੁਰਜਨ ਸਿੰਘ ਦੇ ਦੋਸਤ ਹਨ ਤੇ ਉਸ ਦੀ ਬਹੁਤ ਕਦਰ ਕਰਦੇ ਹਨ। ਉਨ੍ਹਾਂ ਨੂੰ ਪਤਾ ਲੱਗਾ ਕਿ ਅਸੀਂ ਸ਼ਿਮਲੇ ਆਏ ਹੋਏ ਹਾਂ ਤਾਂ ਉਚੇਚੇ ਤੌਰ ਤੇ ਉਹ ਸਾਨੂੰ ਮਿਲਣ ਲਈ ਆਏ। ਵਾਪਸੀ ਜਾਣ ਲੱਗੇ ਉਹ ਸੁਰਜਨ ਸਿੰਘ ਨੂੰ ਨਾਲ ਲੈ ਗਏ ਕਿ ਚਲੋ ਤੁਹਾਨੂੰ ਸ਼ਿਮਲੇ ਦਾ ਟੀ.ਵੀ. ਅਤੇ ਰੇਡੀਓ ਸਟੇਸ਼ਨ ਦਿਖਾਈਏ। ਜਦੋਂ ਰੇਡੀਓ ਸਟੇਸ਼ਨ ਤੇ ਪੁੱਜੇ ਤਾਂ ਉਥੇ ਕੁਝ ਲੜਕੀਆਂ ਦੇ ਗਾਣੇ ਅਤੇ ਡਾਂਸ ਦੀ ਰਿਹੈਰਸਲ ਸੀ, ਤਾਂ ਸ. ਤਰਲੋਕ ਸਿੰਘ ਜੀ ਨੇ ਭਾਈ ਸੁਰਜਨ ਸਿੰਘ ਨੂੰ ਤਬਲਾ ਵਜਾਉਣ ਤੇ ਬਿਠਾ ਦਿੱਤਾ। ਜਦੋਂ ਸੁਰਜਨ ਸਿੰਘ ਨੇ ਤਬਲਾ ਵਜਾਇਆ ਤਾਂ ਸਭ ਨਿਹਾਲ ਹੋ ਗਏ। ਰੇਡੀਓ ਸਟੇਸ਼ਨ ਦਾ ਸੰਗੀਤ ਡਾਇਰੈਕਟਰ ਉਥੇ ਬੈਠਾ ਸੁਣ ਰਿਹਾ ਸੀ, ਉਹ ਇਤਨਾ ਖੁਸ਼ ਹੋਇਆ ਕਿ ਉਸ ਨੇ ਨੌਕਰੀ ਦਾ ਫਾਰਮ ਆਪ ਹੀ ਭਰ ਕੇ ਲੈ ਆਂਦਾ ਤੇ ਸੁਰਜਨ ਸਿੰਘ ਨੂੰ ਕਹਿਣ ਲੱਗੇ ਕਿ ਇਸ ਫਾਰਮ ਤੇ ਸਾਈਨ ਕਰ ਦਿਓ, ਤਾਂ ਸੁਰਜਨ ਸਿੰਘ ਨੇ ਪੁਛਿਆ ਕਿ ਇਹ ਮੇਰੇ ਤੋਂ ਕਿਸ ਚੀਜ਼ ਦੇ ਦਸਖਤ ਕਰਵਾ ਰਹੇ ਹੋ ਤਾਂ ਡਾਇਰੈਕਟਰ ਕਹਿਣ ਲੱਗਾ ਕਿ ਤੁਹਾਨੂੰ ਅੱਜ ਤੋਂ ਰੇਡੀਓ ਤੇ ਪੱਕੀ ਸਰਵਿਸ ਤੇ ਰੱਖਿ ਲਿਆ ਗਿਆ ਹੈ। ਪਰ ਭਾਈ ਸੁਰਜਨ ਸਿੰਘ ਜੀ ਇਤਨੇ ਮਹਾਨ ਕਲਾਕਾਰ ਹੁੰਦਿਆਂ ਹੋਇਆਂ ਫਕੀਰ ਤਬੀਅਤ ਦੇ ਮਾਲਕ ਸਨ, ਕਹਿਣ ਲੱਗੇ "ਜੋ ਗੁਰੂ ਚਰਨਾਂ ਵਿਚ ਕੀਰਤਨ ਕਰਨ ਨਾਲ ਤਬਲਾ ਵਜਾ ਕੇ ਆਨੰਦ ਮਿਲਦਾ ਹੈ ਉਸ ਤੋਂ ਐਸੀਆਂ ਹਜ਼ਾਰਾਂ ਨੌਕਰੀਆਂ ਮੈਂ ਕੁਰਬਾਨ ਕਰਦਾ ਹਾਂ।"

ਇਕ ਵਾਰ ਅਸੀਂ ਗਿ: ਸੰਤ ਸਿੰਘ ਮਸਕੀਨ ਜੀ ਨਾਲ ਗੁਰੂ ਨਾਨਕ ਪੁਰਬ ਤੇ ਭਾਈ ਜੋਗਾ ਸਿੰਘ ਦੇ ਗੁਰਦੁਆਰਾ ਬੰਬਈ ਗਏ ਤਾਂ ਇਕ ਦਿਨ ਸ਼ਾਮ ਨੂੰ ਅਸੀਂ ਬਜ਼ਾਰ ਘੁੰਮਣ ਚਲੇ ਗਏ। ਅਸੀਂ ਦਾਦਰ ਰੋਡ ਤੇ ਜਾ ਰਹੇ ਸਾਂ ਕਿ ਇਕ ਕਾਰ ਸਾਡੇ ਕੋਲੋਂ ਲੰਘ ਗਈ, ਤੇ ਅੱਗੇ ਜਾ ਕੇ ਉਹ ਕਾਰ ਰੁਕ ਗਈ ਫਿਰ ਕਾਰ ਬੈਕ ਕਰ ਕੇ ਸਾਡੇ ਪਾਸ ਆ ਕੇ ਰੁਕ ਗਈ। ਸਾਨੂੰ ਰੁਕਣ ਦਾ ਇਸ਼ਾਰਾ ਕੀਤਾ, ਉਸ ਕਾਰ ਵਿਚੋਂ ਇਕ ਆਦਮੀ ਉਤਰਿਆ ਤੇ ਉਸ ਨੇ ਸੁਰਜਨ ਸਿੰਘ ਦੇ ਅੱਗ ਹੋ ਕੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸੁਰਜਨ ਸਿੰਘ ਨੇ ਉਸ ਨੂੰ ਪਛਾਣਿਆ ਨਹੀਂ। ਫਿਰ ਉਸ ਨੇ ਦਸਿਆ ਕਿ ਮੈਂ ਤੁਹਾਡਾ ਗੁਰ ਭਾਈ ਹਾਂ। ਪੰਡਿਤ ਲਛੂ ਮਹਾਰਾਜ ਤੋਂ ਇਕੱਠੇ ਹੀ ਸਿੱਖਦੇ ਰਹੇ ਹਾਂ ਤਾਂ ਸੁਰਜਨ ਸਿੰਘ ਨੇ ਪਛਾਣ ਲਿਆ। ਉਸ ਦਸਿਆ ਕਿ ਮੈਂ ਇਕ ਪ੍ਰੋਗਰਾਮ ਤੇ ਜਾ ਰਿਹਾ ਹਾਂ 'ਆਸ਼ਾ ਭੌਂਸਲੇ' ਦਾ ਇਕ ਸਟੇਜ ਪ੍ਰੋਗਰਾਮ ਹੈ, ਉਸ ਨਾਲ ਤਬਲਾ ਵਜਾਉਣਾ ਹੈ।

ਤੇ ਉਹ ਕਹਿਣ ਲੱਗਾ ਕਿ ਤੁਸੀਂ ਵੀ ਚੱਲੋ, ਪ੍ਰੋਗਰਾਮ ਸੁਣਿਆ ਜੇ। ਉਥੇ ਪਾਸ ਨਾਲ ਐਂਟਰੀ ਸੀ, ਪਰ ਉਸ ਕਲਾਕਾਰ ਦੇ ਨਾਲ ਹੋਣ ਕਾਰਨ ਸਾਨੂੰ ਵੀ ਐਂਟਰੀ ਮਿਲ ਗਈ। ਸੋ ਜਦੋਂ ਆਸ਼ਾ ਭੌਂਸਲੇ ਸਟੇਜ ਤੇ ਆ ਗਈ, ਤਾਂ ਇਸ ਦੇ ਦੋਸਤ ਨੇ ਸੁਰਜਨ ਸਿੰਘ ਨੂੰ ਸਟੇਜ ਤੇ ਬੁਲਾ ਲਿਆ। ਆਪਣੀ ਥਾਂ ਤੇ ਬੈਠਣ ਲਈ ਕਿਹਾ ਤਾਂ ਸੁਰਜਨ ਸਿੰਘ ਨੇ ਕਾਫ਼ੀ ਨਾਂਹ ਨੁੱਕਰ ਕੀਤੀ, ਪਰ ਉਸ ਨੇ ਮਨਾ ਹੀ ਲਿਆ, ਤਾਂ ਸੁਰਜਨ ਸਿੰਘ ਨੂੰ ਬਿਠਾ ਦਿੱਤਾ ਤਾਂ ਆਸ਼ਾ ਕਹਿਣ ਲੱਗੀ ਕਿ ਯੇਹ ਸਰਦਾਰੀ ਜੀ ਕਿਆ ਬਜਾਏਂਗੇ। ਤਾਂ ਇਸ ਦੇ ਦੋਸਤ ਨੇ ਕਿਹਾ ਕਿ ਮੈਡਮ ਇਕ ਬਾਰੇ ਸੁਣ ਕੇ ਤੋ ਦੇਖੋ। ਸੋ ਜਦੋਂ ਆਸ਼ਾ ਨੇ ਸੁਰਜਨ ਸਿੰਘ ਦਾ ਤਬਲਾ ਸੁਣਿਆ ਤਾਂ ਉਹ ਇਤਨੀ ਪ੍ਰਸੰਨ ਹੋਈ ਕਿ ਸਾਰਾ ਪ੍ਰੋਗਰਾਮ ਸੁਰਜਨ ਤੋਂ ਹੀ ਤਬਲਾ ਵਜਵਾਇਆ। ਤਾਂ ਸਮਾਪਤੀ ਬਾਅਦ ਆਸ਼ਾ ਭੌਂਸਲੇ ਨੇ ਬੜਾ ਯਤਨ ਕੀਤਾ ਕਿ ਤੁਸੀਂ ਇਥੇ ਆ ਜਾਓ, ਮੈਂ ਤੁਹਾਨੂੰ ਫਿਲਮ ਇੰਡਸਟਰੀ ਵਿਚ ਜਗ੍ਹਾ ਦਿਵਾ ਦੇਂਦੀ ਹਾਂ। ਪਰ ਸੁਰਜਨ ਸਿੰਘ ਜੀ ਕਹਿਣ ਲੱਗੇ ਕਿ ਜੇ ਮੈਂ ਡਿਊਟੀ ਨੌਕਰੀ ਕਰਨੀ ਹੀ ਹੈ ਤਾਂ ਸਿਰਫ਼ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਦੀ ਹੀ ਕਰਨੀ ਹੈ, ਹੋਰ ਕਿਸੇ ਦੀ ਨਹੀਂ ਕਰਨੀ।

ਭਾਈ ਸੁਰਜਨ ਸਿੰਘ ਜੀ ਐਸੇ ਮਹਾਨ ਕਲਾਕਾਰ ਹੁੰਦਿਆਂ ਹੋਇਆਂ। ਬਿਲਕੁਲ ਸਾਧ ਫਕੀਰ ਤਬੀਅਤ ਦੇ ਮਾਲਕ ਸਨ। ਹੰਕਾਰ ਤਾਂ ਉਨ੍ਹਾਂ ਦੇ ਨੇੜੇ ਕਦੇ ਢੁਕਿਆ ਹੀ ਨਹੀਂ। ਅਤੇ ਬਹੁਤ ਹੀ ਮਿਠ ਬੋਲੜੇ ਤੇ ਸੱਜਣ ਪੁਰਸ਼ ਸਨ। ਉਨ੍ਹਾਂ ਦੀ ਸਰੀਰ ਦੀ ਬਾਡੀ ਬਹੁਤ ਤਗੜੀ ਕੀ, ਕੱਦ ਵੀ 6 ਫੁੱਟ ਦੇ ਕਰੀਬ ਸੀ, ਪਰ ਰੰਗ ਸਾਂਵਲਾ ਸੀ। ਪਰ ਨੈਣ ਨਕਸ਼ ਬਹੁਤ ਸੋਹਣੇ ਸਨ, ਉਨਾਂ ਦੇ ਗੁਣ ਤੇ ਮੋਹਿਤ ਕਈ ਲੜਕੀਆਂ ਹੋ ਜਾਂਦੀਆਂ ਸਨ, ਭਾਵੇਂ ਸਾਰੀ ਜ਼ਿੰਦਗੀ ਉਨ੍ਹਾਂ ਸ਼ਾਦੀ ਨਹੀਂ ਕਰਾਈ। ਪਰ ਉਨ੍ਹਾ ਦੇ ਕਰੈਕਟਰ ਬਾਰੇ ਕਦੇ ਵੀ ਕਿਸੇ ਰਾਗੀ ਨੂੰ ਉਲਾਂਭਾ ਨਹੀਂ ਆਇਆ। ਅਸੀਂ ਉਨ੍ਹਾਂ ਨੂੰ ਕਦੇ ਵੀ ਕਿਸੇ ਨਾਲ ਲੜਦਿਆਂ ਨਹੀਂ ਵੇਖਿਆ। ਉਨ੍ਹਾਂ ਦਾ ਕੋਈ ਦੁਸ਼ਮਣ ਹੈ ਹੀ ਨਹੀਂ ਸੀ। ਤੇ ਲੜਨਾ ਕਿਹਦੇ ਨਾਲ ਸੀ। ਪਰ ਆਖਰੀ ਉਮਰ ਉਨ੍ਹਾਂ ਦੀ ਬਹੁਤ ਹੀ ਦੁਖ ਭਰੀ ਬੀਤੀ। ਇਕ ਵਾਰ ਐਕਸੀਡੈਂਟ ਹੋ ਗਿਆ ਤੇ ਉਨ੍ਹਾ ਦੀ ਬਾਂਹ ਟੁੱਟ ਗਈ ਸੀ ਤੇ ਤਬਲਾ ਵਜਾਉਣ ਤੋਂ ਰਹਿ ਗਏ ਸਨ। ਫਿਰ ਲਖਨਊ ਵਿਖੇ ਹੀ ਇਕ ਹੋਰ ਐਕਸੀਡੈਂਟ ਹੋ ਗਿਆ। ਜਿਸ ਵਿਚ ਆਪ ਜੀ ਦਾ ਦੇਹਾਂਤ ਹੋ ਗਿਆ। ਪਰ ਐਸੇ ਸੱਜਣ ਦੁਨੀਆਂ ਤੇ ਬਹੁਤ ਘੱਟ ਆਉਂਦੇ ਹਨ। ਅਤੇ ਕਦੇ ਕਦਾਈਂ ਹੀ ਆਉਂਦੇ ਹਨ। ਮੈਂ ਆਪਣੇ ਵੱਲੋਂ ਦਿਲ ਦੀ ਡੂੰਘਾਈ 'ਚੋਂ ਸ਼ਰਧਾ ਪ੍ਰਗਟ ਕਰਦਾ ਹਾਂ ਤੇ ਇਸ ਸੰਤ ਪੁਰਸ਼ ਤੇ ਮਹਾਨ ਕਲਾਕਾਰ ਨੂੰ ਨਮਸਕਾਰ ਕਰਦਾ ਹਾਂ।

*425, ਸਿਮਰਨ ਨਿਵਾਸ, ਗਲੀ ਨ: 1*
*ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ 141 008*

# ਸੰਗੀਤ ਯੋਗ

ਕਰਤਾਰ ਸਿੰਘ ਨੀਲਧਾਰੀ

ਸ੍ਰਿਸ਼ਟੀ ਦੀ ਰਚਨਾ ਸ਼ਬਦ ਧੁਨ ਨਾਲ ਹੋਈ ਹੈ ਇਹ ਧੁਨਿ ਅਨਵਰਤ ਜਾਂ ਅਨਾਹਦ ਸੰਗੀਤ ਬਣ ਕੇ ਇਸ ਦਾ ਸੰਚਾਲਨ ਕਰ ਰਹੀ ਹੈ। ਸਾਡੇ ਜੜ ਚੇਤਨ ਤੇ ਪਰਾ ਸ਼ਕਤੀਆਂ ਦੇ ਪ੍ਰਾਣ ਜਾਂ ਸੰਚਾਲਨ ਇਸੇ ਅਗੰਮੀ ਸੰਗੀਤ ਨਾਲ ਹੋ ਰਹੇ ਹਨ। ਚੇਤਨ ਪ੍ਰਾਣੀਆਂ ਦੀ ਹਿਰਦਿਆਂ ਦੀ ਧੜਕਣ ਉਸ ਆਦਿ ਅੰਤ ਤਕ ਰਮੇ ਪ੍ਰਾਣ ਸੰਗੀਤ ਨਾਲ ਹੀ ਚਲਦੀ ਹੈ। ਜਦੋਂ ਸਰੀਰ ਰੂਪੀ ਰਬਾਬ ਦੀ ਤੰਤ (ਪ੍ਰਾਣ ਧਾਰਾ) ਟੁੱਟ ਜਾਏ ਤਾਂ ਫੇਰ ਇਹ ਜੀਵਨ ਖੇਲ ਖਤਮ ਹੋ ਜਾਂਦਾ ਹੈ। ਸਾਰੇ ਜੀਵਾਂ ਵਿਚੋਂ ਉੱਤਮ ਮਨੁੱਖ ਨੂੰ ਅਨੰਤ ਤੱਕ ਸੋਚਣ ਤੇ ਸਮਝਣ ਦੀ ਬੁੱਧੀ ਮਿਲੀ ਹੈ ਅਤੇ ਉਹ ਹਿਰਦੇ ਦੀ ਅਨਾਹਤ ਨਾਦ ਰੂਪੀ ਧੜਕਣ ਨੂੰ ਤ੍ਰਿਲੋਕੀ ਵਿਚ ਸਮਾਏ ਕਰਤਾ ਦੇ ਸੰਗੀਤ ਨਾਲ ਜੋੜ ਕੇ ਅਸਰੀਰੀ ਆਯਾਮ ਵਿਚ ਪ੍ਰਵੇਸ਼ ਕਰ ਸਕਦਾ ਹੈ। ਇਹ ਉਪਲਬਧੀ ਮਨੁੱਖੀ ਸਰੀਰ ਵਿਚ ਮਨੁੱਖਾ ਦੇਹਧਾਰੀ ਗੁਰੂ ਦੀ ਕ੍ਰਿਪਾ ਨਾਲ ਅੰਗਸੰਗੀ ਮਾਰਗ ਦਰਸ਼ਨ ਵਿਚ ਪ੍ਰਾਪਤ ਕੀਤੀ ਜਾ ਸਕਦੀ ਹੈ।

ਉਸ ਸਰਬ ਵਿਚ ਰਮੇ ਤੇ ਸਭ ਤੋਂ ਨਿਆਰੇ ਪ੍ਰਮਾਤਮਾ ਦੀ ਸੰਗੀਤ ਧੁਨਿ ਨਾਲ ਜੁੜਨ ਲਈ ਮਨੁੱਖ ਨੂੰ ਸੰਸਾਰ ਵਿਚ ਰਹਿ ਕੇ ਮਨ ਨੂੰ ਸੰਸਾਰਿਕਤਾ ਤੋਂ ਨਿਆਰਾ ਜਾਂ ਨਿਰਲੇਪ ਰੱਖਣਾ ਹੀ ਪੈਂਦਾ ਹੈ। ਇਸ ਮਾਨਸਿਕ ਨਿਰਲੇਪਤਾ ਲਈ ਮਨ ਦੀ ਨਿਰਮਲਤਾ ਹੋਣੀ ਜਰੂਰੀ ਹੈ। ਇਸ ਨਿਰਮਲਤਾ ਤੋਂ ਬਗ਼ੈਰ ਨਿਰਲੇਪਤਾ ਦਾ ਚਿੰਤਨ ਕੇਵਲ ਖਾਮ ਖਿਆਲੀ ਹੀ ਹੁੰਦਾ ਹੈ

*ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੈਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ*
*ਤਰੀਐ ਨਾਨਕ ਨਾਮ ਵਖਾਣੇ ॥*

(ਰਾਮਕਲੀ-ਪਹਿਲਾ 938)

ਪਰਮ ਹੰਸ ਯੋਗਾ ਨੰਦ ਜੀ ਨੇ ਆਪਣੀ ਆਤਮ ਕਥਾ ਵਿਚ ਯੋਗੀ ਦੇ ਸੁਰਤਾਲ ਹੋਏ ਮਨ ਨਾਲ ਸੰਗੀਤ ਯੋਗ ਬਾਰੇ ਅਨੂਠੀ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਤੋਂ ਗਿਆਤ ਹੁੰਦਾ ਹੈ ਕਿ ਇਕ ਸੰਸਕਾਰੀ ਜਗਿਆਸੂ ਕਿਸ ਤਰ੍ਹਾਂ ਗੁਰੂ ਦੀ ਛਾਂ ਹੇਠ ਪੂਰਨ ਸਮਰਪਿਤ ਸਾਧਨਾ ਕਰਕੇ ਆਤਮ ਪ੍ਰਕਾਸ਼ੀ ਯੋਗੀ ਬਣਿਆ। ਆਪਣੇ ਗੁਰੂ ਦੇ ਹੁਕਮ ਨਾਲ ਇਹਨਾਂ ਨੇ ਅਮਰੀਕਾ ਵਿਚ ਡੇਰੇ ਲਾਏ ਅਤੇ ਸਵਾਮੀ ਵਿਵੇਕਾਨੰਦ ਦੀ ਯੋਗ ਪ੍ਰਚਾਰ ਉਸਾਰੀ ਨੂੰ ਨਵੀਂ ਨੁਹਾਰ ਦਿੱਤੀ। ਇਸ ਆਤਮ ਕਥਾ (ਦੇ ਪੰਨੇ 230-234) ਵਿਚ ਸੰਗੀਤ ਗਿਆਨ ਦੀ ਚਰਚਾ (ਹਿੰਦੀ ਅਨੁਵਾਦ) ਵਿਚੋਂ ਪ੍ਰਸਤੁਤ ਹੈ-

"ਪ੍ਰਾਚੀਨ ਰਿਸ਼ੀਆਂ ਨੇ ਪ੍ਰਕ੍ਰਿਤੀ ਅਤੇ ਮਨੁੱਖ ਵਿਚ ਸਵਰ ਮਿੱਤਰਤਾ ਦੇ ਨਿਯਮਾਂ ਦਾ ਅਵਿਸ਼ਕਾਰ ਕੀਤਾ। ਕਿਉਂ ਕਿ ਵਿਸ਼ਵ ਪ੍ਰਕ੍ਰਿਤੀ ਨਾਦ ਬ੍ਰਹਮ ਜਾਂ ਪ੍ਰਣਵ (ਔਂਗ) ਝੰਕਾਰ ਜਾਂ ਔਂਕਾਰ ਧੁਨੀ ਦਾ ਘਨੀਭੂਤ (ਸੰਘਨਾ) ਰੂਪ ਹੈ। ਇਸ ਕਰਕੇ ਮਨੁੱਖ ਵਿਸ਼ੇਸ਼ ਮੰਤਰ ਦੇ ਜਾਂ ਗਾਉਣ ਦੇ ਪ੍ਰਯੋਗ ਨਾਲ ਸਾਰੀ ਪ੍ਰਾਕ੍ਰਿਤਕ ਅਭਿਵਿਅਕਤੀਆਂ (ਪ੍ਰਗਟਾਵਿਆਂ) ਦੇ ਨਿਯੰਤ੍ਰਣ ਪ੍ਰਾਪਤ ਕਰ ਸਕਦਾ ਹੈ। ਇਤਿਹਾਸ ਵਿਚ ਅਕਬਰ ਮਹਾਨ (16ਵੀਂ ਸਦੀ) ਦੇ ਦਰਬਾਰੀ ਸੰਗੀਤਕਾਰ ਦੀ ਜਿਕਰਯੋਗ ਸੰਗੀਤ ਸ਼ਕਤੀਆਂ ਦਾ ਹਵਾਲਾ ਮਿਲਦਾ ਹੈ। ਬਾਦਸ਼ਾਹ ਨੇ ਰਾਤ ਦੇ ਰਾਗ ਨੂੰ ਦਿਨੇ ਗਾਉਣ ਦਾ ਹੁਕਮ ਕੀਤਾ ਤਾਂ ਤਾਨਸੇਨ ਨੇ ਮੰਤ੍ਰ ਗੁਨਗੁਨਾਇਆ ਜਿਸ ਕਰਕੇ ਮਹਿਲ ਦੇ ਸਾਰੇ ਦੁਆਲੇ ਵਿਚ ਹਨੇਰਾ ਛਾ ਗਿਆ।"

(ਫੁਟਨੋਟ 231) "ਸਾਰੇ ਦੇਸ਼ਾਂ ਦੀਆਂ ਲੋਕ ਕਥਾਵਾਂ ਵਿਚ ਪ੍ਰਕ੍ਰਿਤੀ ਉਤੇ ਪ੍ਰਭਾਵੀ ਮੰਤ੍ਰ ਸ਼ਕਤੀ ਦੀ ਚਰਚਾ ਮਿਲਦੀ ਹੈ। ਇਹ ਸਰਬ ਗਿਆਤ ਹੈ ਕਿ ਅਮਰੀਕਾ ਦੇ ਰੈਡ ਇੰਡੀਅਨਾਂ ਨੇ ਬਰਖਾ ਤੇ ਹਵਾ ਦੇ ਲਈ ਸ਼ਬਦ ਅਨੁਸ਼ਾਸਨ (ਮੰਤ੍ਰ ਸਿੱਧੀ) ਦਾ ਵਿਕਾਸ ਕੀਤਾ ਹੋਇਆ ਸੀ ਮਹਾਨ ਸੰਗੀਤਕਾਰ ਤਾਨਸੇਨ ਆਪਣੀ ਗਾਯਕੀ ਨਾਲ ਅੱਗ ਪੈਦਾ ਕਰਨ ਵਿਚ ਸਮਰਥ ਸਨ।"

(ਫੁਟਨੋਟ 231) "ਕੈਲੀਫੋਰਨੀਆ ਦੇ ਪ੍ਰਕ੍ਰਿਤੀ ਤੱਤ ਗਿਆਤਾ ਚਾਰਲਸ ਕੇਲਾਂਗ ਨੇ 1926 ਵਿਚ ਨਿਊਯਾਰਕ ਦੇ ਫਾਇਰਮੈਨਾਂ ਦੇ ਦਲ ਦੇ ਸਾਹਮਣੇ ਅੱਗ ਉਤੇ ਸਵਰ ਕੰਪਨ ਦੇ ਪ੍ਰਭਾਵ ਦਾ ਪ੍ਰਦਰਸ਼ਨ ਕੀਤਾ ਸੀ। ਵਾਯੋਲਿਨ ਵਜਾਣ ਦੇ ਇਕ ਵੱਡੇ ਗਜ ਨੂੰ ਅਲਮੋਨਿਯਮ ਟਿਊਨਿੰਗ ਫੋਰਕ ਦੇ ਆਰਪਾਰ ਤੇਜ ਗਤੀ ਨਾਲ ਰਗੜ ਕੇ ਉਹਨਾਂ ਨੇ ਇਕ ਕੰਨ ਪਾੜੂ ਆਵਾਜ਼ ਕੱਢੀ। ਤਤਖਿੰਨ ਇਕ ਸ਼ੀਸ਼ੇ ਦੀ ਟਿਊਬ ਦੇ ਅੰਦਰ ਪੀਲੇ ਰੰਗ ਦੀ ਦਹਿਕਦੀ ਦੋ ਫੁੱਟ ਉਚੀ ਗੈਸ ਦੀ

ਜਵਾਲਾ ਘਟ ਕੇ 6 ਇੰਚ ਰਹਿ ਗਈ ਤੇ ਉਹ ਹਲਕੇ ਨੀਲੇ ਰੰਗ ਦੀ ਹੋ ਗਈ। ਉਹਨਾਂ ਗਜ ਦੇ ਦੂਜੀ ਰਗੜ ਨਾਲ ਕੱਢੀ ਦੂਜੀ ਕੰਨ ਪਾੜੂ ਧੁਨੀ ਦੇ ਨਾਲ ਉਸ ਅੱਗ ਨੂੰ ਬਿਲਕੁਲ ਬੁਝਾ ਦਿੱਤਾ।"

"ਭਾਰਤੀ ਸੰਗੀਤ ਵਿਚ ਸਵਰ ਸਪਤਕ (ਸਵਰ ਮੰਡਲ) ਨੂੰ 22 ਸ਼ਰੁਤੀਆਂ (ਧੁਨੀਆਂ) ਵਿਚ ਵੰਡਿਆ ਗਿਆ ਹੈ। ਇਕ ਸ਼ਰੁਤੀ ਸ੍ਰਵਣ ਇੰਦ੍ਰੀ ਦੇ ਸੁਣੇ ਜਾਣ ਦਾ ਸੂਖਮ ਵਿਭਾਗ ਮਾਤ੍ਰ ਹੈ। ਸਵਰ ਦੇ ਅਜਿਹੇ ਸੂਖਮ ਅੰਤਰਾਲਾਂ ਦੇ ਕਾਰਨ ਉਤਮ ਸੰਗੀਤ ਦਾ ਪ੍ਰਗਟਾਵਾ ਸੰਭਵ ਹੁੰਦਾ ਹੈ। ਪੱਛਮੀ ਸੰਗੀਤ ਦੇ ਬਾਰਹ ਅਰਧ ਸਵਰਾਂ ਦੇ ਵਾਰਨਿਕ ਸਵਰਗ੍ਰਾਮਾਂ ਵਿਚ ਅਜਿਹਾ ਸੂਖਮ ਵਿਸਥਾਰ ਪ੍ਰਾਪਤ ਹੋਣਾ ਮੁਸ਼ਕਿਲ ਹੈ। ਹਿੰਦੂ ਪੁਰਾਣਾਂ ਵਿਚ ਪਸ਼ੂ ਜਾਂ ਪਕਸ਼ੀ ਦੇ ਕੁਦਰਤੀ ਕੰਠ ਸੁਰ ਦੇ ਸੰਬੰਧ ਵਿਚ ਦਸਿਆ ਗਿਆ ਹੈ ਕਿ–1– ਸਾ ਦਾ ਹਰੇ ਰੰਗ ਅਤੇ ਮੋਰ ਨਾਲ, 2–ਰੇ ਦਾ ਲਾਲ ਰੰਗ ਤੇ ਚਾਤ੍ਰਿਕ ਪਕਸ਼ੀ (ਪਪੀਹੇ) ਨਾਲ, 3–ਗਾ ਦਾ ਸੁਨਹਿਰੇ ਰੰਗ ਤੇ ਬਕਰੀ ਨਾਲ, 4– ਮਾ ਦਾ ਪਿਲਤਨ ਵਾਲੇ ਸਫੇਦ ਰੰਗ ਅਤੇ ਸਾਰਸ ਨਾਲ, 5–ਪਾ ਦਾ ਕਾਲੇ ਰੰਗ ਅਤੇ ਕੋਇਲ ਨਾਲ, 6– ਧਾ ਦਾ ਪੀਲੇ ਰੰਗ ਅਤੇ ਘੋੜੇ ਨਾਲ ਤਥਾ 7– ਨੀ ਦਾ ਸਾਰੇ ਰੰਗਾਂ ਦੇ ਮਿਸ਼ਰਣ ਤੇ ਹਾਥੀ ਨਾਲ ਸੰਬੰਧ ਹੈ।"

